




ਕੈਨੇਡਾ
# ਪੰਜਾਬ ਲਿੰਕ

WEEKLY NEWSPAPER VOL. : 11 ISSUE : 18 SATURDAY, 6 MAY, 2023

www.punjablinkpaper.com 604-503-5465







# ਐਸਪੀਐਸ ਜਾਰੀ ਰੱਖਣ ਦੀਆਂ ਸਿਫਾਰਸ਼ਾਂ ਸਰੀ ਦੇ ਲੋਕਾਂ ਦੀ ਜਿੱਤ-ਮੈਕਲਮ

ਸਰੀ-ਸਾਬਕਾ ਮੇਅਰ ਡੱਗ ਮੈਕਲਮ ਸੂਬੇ ਦੀ ਸਰੀ ਪੁਲਿਸ ਸਰਵਿਸ ਨੂੰ ਟਰਾਂਜ਼ੀਸ਼ਨ ਜਾਰੀ ਰੱਖਣ ਦੀ ਸਿਫਾਰਸ਼ ਨੂੰ ਸਰੀ ਦੇ ਲੋਕਾਂ ਦੀ ਜਿੱਤ ਆਖ ਰਹੇ ਹਨ। ਇਕ ਪ੍ਰੈਸ ਕਾਨਫਰੰਸ ਦੌਰਾਨ ਮੈਕਲਮ ਨੇ ਕਿਹਾ ਕਿ ਕਿੰਨਾ ਵਧੀਆ ਫ਼ੈਸਲਾ ਹੈ ਅਤੇ ਉਹ ਨੱਚਣ ਵਾਂਗ ਖੁਸ਼ੀ ਮਹਿਸੂਸ ਕਰ ਰਿਹਾ ਹੈ। ਇਹ ਸਰੀ ਦੇ ਲੋਕਾਂ ਲਈ ਮਹਾਨ ਫ਼ੈਸਲਾ ਹੈ। ਮੈਕਲਮ ਨੇ ਕਿਹਾ ਕਿ ਸਰੀ ਕੌਂਸਲ ਲਈ ਮਿਉਂਸਪਲ ਪੁਲਿਸ



ਫੋਰਸ ਟਰਾਂਜ਼ੀਸ਼ਨ ਵਾਸਤੇ ਸੂਬੇ ਦੀ ਵਿੱਤੀ ਸਹਾਇਤਾ ਦੀ ਪੇਸ਼ਕਸ਼ ਨੂੰ ਸਵੀਕਾਰ ਕਰਨ ਸਬੰਧੀ ਫ਼ੈਸਲਾ ਲੈਣਾ ਸੌਖਾ ਹੈ। ਉਨ੍ਹਾਂ ਕਿਹਾ ਕਿ ਸਾਲਾਂ ਦੌਰਾਨ ਆਰਸੀਐਮਪੀ ਅੱਗੇ ਨਹੀਂ ਵਧੀ। ਉਨ੍ਹਾਂ ਦਾ ਪੁਲਿਸ ਪ੍ਰਬੰਧ ਦੇਣ ਦਾ ਢੰਗ ਤੇ ਪੁਲਿਸ ਮਾਡਲ ਟੁੱਟ ਗਿਆ ਹੈ ਅਤੇ ਇਸ ਨੂੰ ਠੀਕ ਕਰਨ ਦੀ ਲੋੜ ਹੈ। ਉਹ ਅਫਸਰਾਂ ਦੀ ਭਰਤੀ ਨਹੀਂ ਕਰ ਸਕਦੇ। ਸਮੁੱਚੇ ਕੈਨੇਡਾ ਵਿਚ 1500 ਅਫਸਰਾਂ ਦੀ ਘਾਟ ਹੈ ਅਤੇ ਉਹ ਉਨ੍ਹਾਂ ਨੂੰ ਭਰਤੀ ਨਹੀਂ ਕਰ ਸਕਦੇ ਜਦਕਿ ਸਰੀ ਪੁਲਿਸ ਸਰਵਿਸ ਨੂੰ ਨਵੇਂ ਅਫਸਰ ਭਰਤੀ ਕਰਨ ਵਿਚ ਕੋਈ ਸਮੱਸਿਆ ਨਹੀਂ। ਇਕ ਪੱਤਰਕਾਰ ਵਲੋਂ ਪੁੱਛੇ ਇਹ ਸਵਾਲ ਕਿ ਐਸਪੀਐਸ ਆਪਣਾ ਸਟਾਫ ਕਿਵੇਂ ਪੂਰਾ ਕਰੇਗੀ ਦੇ ਜਵਾਬ ਵਿਚ ਮੈਕਲਮ ਨੇ ਕਿਹਾ ਕਿ ਉਹ ਦੁਨੀਆਂ ਭਰ ਤੋਂ ਅਫਸਰ ਭਰਤੀ ਕਰ ਰਹੇ ਹਨ ਅਤੇ ਇਹ ਕੋਈ ਮੁੱਦਾ ਨਹੀਂ। ਅਸਲ ਵਿਚ ਫ਼ੈਸਲਾ ਲੈ ਲਿਆ ਗਿਆ ਹੈ, ਇਹ ਅਜੇ ਸਿਫਾਰਸ਼ ਹੈ ਪਰ ਇਹ ਇਕ ਮਜ਼ਬੂਤ ਸਿਫਾਰਸ਼ ਹੈ ਜਿਸ ਨੂੰ ਸਾਨੂੰ ਜਾਰੀ ਰੱਖਣ ਦੀ ਲੋੜ ਹੈ। ਜਦੋਂ ਇਹ ਪੁੱਛਿਆ ਗਿਆ ਕੀ ਕੀ ਉਨ੍ਹਾਂ ਦੀਆਂ ਅਗਲੀਆਂ ਮਿਉਂਸਪਲ ਚੋਣਾਂ ਵਿਚ ਫਿਰ ਤੋਂ ਮੇਅਰ ਦੀ ਚੋਣ ਲੜਨ ਦੀਆਂ ਯੋਜਨਾਵਾਂ ਹਨ ਜਾਂ ਨਹੀਂ ਤਾਂ ਉਨਾਂ ਕਿਹਾ ਕਿ ਅਜੇ ਫ਼ੈਸਲਾ ਨਹੀਂ ਲਿਆ। ਇਸੇ ਦੌਰਾਨ ਸਰੀ ਬੋਰਡ ਆਫ ਟਰੇਡ ਦਾ ਕਹਿਣਾ ਕਿ ਉਹ ਸੂਬੇ ਦੀ ਸਿਫਾਰਸ਼ ਤੋਂ ਨਾਖੁਸ਼ ਹੈ।

# ਸਰੀ ਸੂਬੇ ਦੀਆਂ ਸਿਫਾਰਸ਼ਾਂ ਨੂੰ ਨਜ਼ਰਅੰਦਾਜ਼ ਕਰਕੇ ਆਰਸੀਐਮਪੀ 'ਤੇ ਕਾਇਮ ਰਹੇਗਾ-ਲੋਕ

ਸਰੀ-ਮੇਅਰ ਬਰੈਂਡਾ ਲੋਕ ਦਾ ਕਹਿਣਾ ਕਿ ਸਰੀ ਆਰਸੀਐਮਪੀ ਨੂੰ ਅਧਿਕਾਰਤ ਪੁਲਿਸ ਸਰਵਿਸ ਬਣਾਈ ਰੱਖਣ 'ਤੇ ਕਾਇਮ ਰਹੇਗਾ। ਪਿਛਲੇ ਦਿਨੀ ਸਰੀ ਸਿਟੀ ਹਾਲ ਵਿਖੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਲੋਕ ਨੇ ਕਿਹਾ ਕਿ ਸੂਬੇ ਦੀ ਬਹੁਤ ਜ਼ਿਆਦਾ ਸੋਧੀ ਹੋਈ ਰਿਪੋਰਟ ਨੇ ਸ਼ਹਿਰ ਵਿਚ ਪੁਲਿਸ ਬਾਰੇ ਉਨ੍ਹਾਂ ਦਾ ਮਨ ਨਹੀਂ ਬਦਲਿਆ। ਮੇਅਰ ਨੇ ਅੱਗੇ ਕਿਹਾ ਕਿ ਇਸ ਤੋਂ ਇਲਾਵਾ ਉਸ ਨੂੰ ਸੂਬਾ ਸਰਕਾਰ ਦੀ ਪ੍ਰੈਸ ਕਾਨਫ਼ਰੰਸ ਤੋਂ ਲਗਪਗ 20 ਮਿੰਟ ਪਹਿਲਾਂ 148 ਸਫ਼ਿਆਂ ਦੀ ਰਿਪੋਰਟ ਮਿਲੀ ਅਤੇ ਉਨ੍ਹਾਂ ਇਸ ਕਦਮ ਨੂੰ ਸਰੀ ਕੌਂਸਲ ਅਤੇ ਸ਼ਹਿਰ ਵਾਸੀਆਂ ਦਾ ਨਿਰਾਦਰ ਆਖਿਆ ਹੈ। ਸ਼ੁੱਕਰਵਾਰ ਨੱਬੇ ਮਿੰਟ ਪਹਿਲਾਂ ਜਨਤਕ ਸੁਰੱਖਿਆ ਬਾਰੇ ਮੰਤਰੀ ਮਾਈਕ ਫਾਰਨਵਰਥ ਨੇ ਕਿਹਾ ਸੀ ਕਿ ਸਰੀ ਨੂੰ ਆਰਸੀਐਮਪੀ ਤੋਂ ਸਰੀ ਪੁਲਿਸ ਸਰਵਿਸ ਦੀ ਟਰਾਂਜ਼ੀਸ਼ਨ ਜਾਰੀ ਰੱਖਣੀ ਚਾਹੀਦੀ ਹੈ ਅਤੇ ਸਰੀ ਨੂੰ ਤੁਰੰਤ ਫ਼ੈਸਲਾ ਲੈਣ ਲਈ ਉਤਸ਼ਾਹਿਤ ਕੀਤਾ। ਲੋਕ ਨੇ ਆਰਸੀਐਮਪੀ ਨੂੰ ਪੁਲਿਸ ਸਰਵਿਸ ਰੱਖਣ ਬਾਰੇ ਪੰਜ ਮਹੀਨੇ ਪਹਿਲਾਂ ਸਿਟੀ ਕੌਂਸਿਲ ਵਲੋਂ ਦਿੱਤੇ ਵੋਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਾਡਾ ਫ਼ੈਸਲਾ ਨਹੀਂ ਬਦਲਿਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਫਾਰਨਵਰਥ ਨੇ ਨਿਰਾਸ਼ਕਰਨ ਵਾਲੀਆਂ ਸ਼ਰਤਾਂ ਨਾਲ ਸਿਫਾਰਸ਼ ਕੀਤੀ ਹੈ। ਸਾਲਿਸਟਰ ਜਨਰਲ ਨੇ ਇਹ ਵੀ ਦੁਹਰਾਇਆ ਕਿ ਟਰਾਂਜ਼ੀਸ਼ਨ ਲਈ ਕੋਈ ਨਵਾਂ ਪੈਸਾ ਨਹੀਂ ਮਿਲੇਗਾ ਹਾਲਾਂਕਿ 11 ਘੰਟੇ ਪਹਿਲਾਂ ਜਦ ਸਾਡਾ ਫ਼ੈਸਲਾ ਆਰਐਸਐਮਪੀ 'ਤੇ ਕਾਇਮ ਰਹਿੰਦਾ ਹੈ ਤਾਂ ਵੀ ਸੂਬੇ ਤੋਂ ਵਿੱਤੀ ਸਹਾਇਤਾ ਮਿਲਦੀ ਹੈ। ਇਹ ਲਗਦਾ ਹੈ ਕਿ ਉਨ੍ਹਾਂ ਦੀ ਸਿਫਾਰਸ਼ ਪਿਛੇ ਪ੍ਰੇਰਕ ਸ਼ਕਤੀ ਰਾਜਨੀਤੀ ਹੈ ਨਾ ਕਿ ਸਰੀ ਵਿਚ ਜਨਤਕ ਸੁਰੱਖਿਆ। ਜਦੋਂ ਇਹ ਪੁੱਛਿਆ ਗਿਆ ਕੀ ਕੀ ਉਹ ਸੋਚਦੀ ਹੈ ਕਿ ਸਰੀ ਕਰਦਾਤਾ ਆਰਸੀਐਮਪੀ ਸੇਵਾਵਾਂ ਲਈ ਹੋਰ ਪੈਸੇ ਦੇਣ ਲਈ ਤਿਆਰ ਹਨ ਤਾਂ ਲੋਕ ਨੇ ਕਿਹਾ ਕਿ ਅਸੀਂ ਲੋਕਾਂ ਲਈ ਬਜਟ ਪੇਸ਼ ਕੀਤਾ ਹੈ ਜਿਹੜਾ ਆਰਸੀਐਮਪੀ ਨੂੰ ਅਧਿਕਾਰਤ ਪੁਲਿਸ ਰੱਖਣ ਨਾਲ ਪਾਸ ਕੀਤਾ ਗਿਆ ਹੈ। ਮੇਅਰ ਨੇ ਕਿਹਾ ਕਿ ਮੰਤਰੀ ਨੂੰ ਸਭ ਕੁਝ ਪਤਾ ਹੈ ਫਿਰ ਵੀ ਉਨ੍ਹਾਂ ਫ਼ੈਸਲਾ ਲੈਣ ਵਿਚ ਛੇ ਮਹੀਨੇ ਲਗਾ ਦਿੱਤੇ ਜਿਹੜਾ ਕਿ ਅਸਲ ਵਿਚ ਇਕ ਗੈਰ-ਫੈਸਲਾ ਹੈ।


































S T & A Simpson, Thomas and Associates
When you need strong legal representation
We lend a helping hand.
• Personal Injury
• ICBC Claims
• Family Law
• Immigration
• Employment Law
• Estate Litigation
• Insurance Denials
An injury or legal dispute can leave you feeling lost. As a team with over 50 years' experience, we sit and listen. Our team understands Canadian law and how it relates to your rights, whether that means injury and compensation or settling a family dispute.
BBB ACCREDITED BUSINESS
We have translators fluent in Hindi, Punjabi, and Gujarati.
Reach out for a legal consultation. We'll advise you on the next steps as caring and experienced legal advocates ready to work in your best interests and safeguard your rights.
604 229 6448
simpsonthomas.com
701-13761 96th Avenue, Surrey, BC V3V 0E8
Experienced lawyers for your legal needs.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 18 SATURDAY, 6 MAY, 2023
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Radio Punjab
24 HOUR ONLINE RADIO
App Store
Google play
ਤਿੰਨ ਰੰਗ
7pm to 10pm
B.C. Time
Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.com

# ਪ੍ਰਕਾਸ਼ ਸਿੰਘ ਬਾਦਲ ਨਮਿਤ ਵਿਸ਼ਾਲ ਸ਼ਰਧਾਂਜਲੀ ਸਮਾਗਮ

## ਸੁਖਬੀਰ ਬਾਦਲ ਨੇ ਬਾਦਲ ਪਰਿਵਾਰ ਦੀਆਂ ਗਲਤੀਆਂ ਲਈ ਕੀਤੀ ਖਿਮਾ ਜਾਚਨਾ



ਲੰਬੀ-ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਮਿਤ ਸ਼ਰਧਾਂਜਲੀ ਸਮਾਗਮ ਪਿੰਡ ਬਾਦਲ ਦੇ ਮਾਤਾ ਜਸਵੰਤ ਕੌਰ ਸਕੂਲ ਵਿੱਚ ਹੋਇਆ। ਇਸ ਮੌਕੇ ਕੇਂਦਰੀ ਮੰਤਰੀ ਅਮਿਤ ਸ਼ਾਹ ਸਮੇਤ ਸਿਆਸੀ, ਧਾਰਮਿਕ ਤੇ ਸਮਾਜਕ ਆਗੂਆਂ ਨੇ ਪਹੁੰਚ ਕੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਦੇ ਰੂਪ ਵਿੱਚ ਸਿੱਖ ਪੰਥ ਨੇ ਸੱਚਾ ਸਿਪਾਹੀ, ਭਾਰਤ ਨੇ ਦੇਸ਼ ਭਗਤ ਅਤੇ ਕਿਸਾਨਾਂ ਨੇ ਸੱਚਾ ਹਮਦਰਦ ਗੁਆ ਦਿੱਤਾ ਅਤੇ ਉਨ੍ਹਾਂ ਦੇ ਜਾਣ ਨਾਲ ਬਣਿਆ ਸਿਆਸੀ ਤੇ ਸਮਾਜਿਕ ਖੱਪਾ ਲੰਮੇ ਅਰਸੇ ਤੱਕ ਨਹੀਂ ਭਰਿਆ ਜਾ ਸਕਣਾ। ਉਨ੍ਹਾਂ ਸ੍ਰੀ ਬਾਦਲ ਨਾਲ ਆਪਣੀ ਨਿੱਜੀ ਸਾਂਝ ਦਾ ਜ਼ਿਕਰ ਕਰਦਿਆਂ ਕਿਹਾ ਕਿ ਵੱਖ-ਵੱਖ ਪਾਰਟੀਆਂ ਹੋਣ ਦੇ ਬਾਵਜੂਦ ਸ੍ਰੀ ਬਾਦਲ ਨਾਲ ਹਰ ਮੁਲਾਕਾਤ ਸਮੇਂ ਬਹੁਤ ਕੁਝ ਸਿੱਖਣ ਨੂੰ ਮਿਲਿਆ। ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਸੰਖੇਪ ਭਾਸ਼ਣ 'ਚ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਗਰੀਬਾਂ ਤੇ ਕਿਸਾਨਾਂ ਹਿੱਤਾਂ ਲਈ ਲੰਮਾ ਸੰਘਰਸ਼ ਕੀਤਾ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਚੌਧਰੀ ਓਮ ਪ੍ਰਕਾਸ਼ ਚੌਟਾਲਾ ਨੇ ਕਿਹਾ ਕਿ ਦੁਨੀਆ ਭਰ 'ਚ ਸ੍ਰੀ ਬਾਦਲ ਅਜਿਹੇ ਆਗੂ ਸਨ ਜਿਨ੍ਹਾਂ ਸਾਰੀ ਜ਼ਿੰਦਗੀ ਗਰੀਬਾਂ ਲਈ ਵੱਡੇ ਉਪਰਾਲੇ ਕੀਤੇ। ਚੌਧਰੀ ਪਰਿਵਾਰ ਤੇ ਬਾਦਲ ਪਰਿਵਾਰ ਦਾ ਗੂੜ੍ਹਾ ਪਰਿਵਾਰਕ ਤੇ ਸਿਆਸੀ ਰਿਸ਼ਤਾ ਹੈ। ਹੁਣ ਸਭ ਨੂੰ ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਲੋਕ-ਹਿੱਤਾਂ 'ਚ ਜੁਟੇ ਰਹਿਣਾ ਹੈ। ਡਾ. ਬਰਜਿੰਦਰ ਸਿੰਘ ਹਮਦਰਦ ਨੇ ਕਿਹਾ ਕਿ ਸ੍ਰੀ ਬਾਦਲ ਦਾ ਜੀਵਨ ਸਫ਼ਲ ਅਤੇ ਅਰਥ ਭਰਪੂਰ ਰਿਹਾ। ਪੰਜਾਬ ਤੇ ਪੰਜਾਬੀਆਂ ਲਈ ਉਨ੍ਹਾਂ ਦੀ ਵੱਡੀ ਦੇਣ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਦੇਸ਼ ਦੀ ਤਰੱਕੀ ਲਈ ਸ੍ਰੀ ਬਾਦਲ ਨੇ ਜੀਵਨ ਭਰ ਸੂਬਿਆਂ ਨੂੰ ਵੱਧ ਅਧਿਕਾਰਾਂ ਦੀ ਵਕਾਲਤ ਕੀਤੀ। ਐਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮਰਹੂਮ ਬਾਦਲ ਵਿਸ਼ਵ ਪੱਧਰੀ ਸ਼ਖਸੀਅਤ ਸਨ। ਸ੍ਰੀ ਬਾਦਲ ਦੀ ਆਖ਼ਰੀ

*(ਬਾਕੀ ਸਫ਼ਾ 7 'ਤੇ)*

## ਪਿਤਾ ਵੱਲੋਂ ਦਿਖਾਏ ਰਾਹ 'ਤੇ ਚੱਲਾਂਗਾ-ਸੁਖਬੀਰ



ਲੰਬੀ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਵਰਗੇ ਤਾਂ ਨਹੀਂ ਬਣ ਸਕਦੇ ਪਰ ਸਾਰੀ ਉਮਰ ਉਨ੍ਹਾਂ (ਸੀਨੀਅਰ ਬਾਦਲ) ਦੇ ਮਿਸ਼ਨ 'ਤੇ ਚੱਲਣਗੇ। ਉਨ੍ਹਾਂ ਨੇ ਇਹ ਸ਼ਬਦ ਆਪਣੇ ਪਿਤਾ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਨਮਿਤ ਅੰਤਿਮ ਅਰਦਾਸ ਮੌਕੇ ਸੰਗਤਾਂ ਦਾ ਧੰਨਵਾਦ ਕਰਦਿਆਂ ਆਖੇ। ਸੁਖਬੀਰ ਸਿੰਘ ਨੇ ਮਰਹੂਮ ਬਾਦਲ ਨੂੰ ਰਾਸ਼ਟਰਵਾਦੀ ਅਤੇ ਨਿਰਪੱਖ ਆਗੂ ਦੱਸਦਿਆਂ ਕਿਹਾ ਕਿ ਉਨ੍ਹਾਂ ਦੇ ਪਿਤਾ ਦੀ ਪੂਰੀ ਜ਼ਿੰਦਗੀ ਗਰੀਬਾਂ ਤੇ ਕਿਸਾਨੀ ਦੀ ਸੇਵਾ ਦੇ ਲੇਖੇ ਲੱਗੀ। ਉਨ੍ਹਾਂ ਦੇ ਗੁੱਸਾ ਰਹਿਤ ਜੀਵਨ 'ਚ ਸਾਰੇ ਧਰਮਾਂ ਅਤੇ ਵਰਗਾਂ ਲਈ ਬਰਾਬਰੀ ਭਰਿਆ ਸਤਿਕਾਰ ਸੀ। ਉਨ੍ਹਾਂ ਨੇ ਸੰਗਤ ਵੱਲੋਂ ਬਾਦਲ ਪਰਿਵਾਰ ਪ੍ਰਤੀ ਵਿਖਾਏ ਪਿਆਰ ਲਈ ਧੰਨਵਾਦ ਕੀਤਾ। ਇਸ ਮੌਕੇ ਸੁਖਬੀਰ ਬਾਦਲ ਨੇ ਖੁਦ, ਉਨ੍ਹਾਂ ਦੇ ਪਰਿਵਾਰ ਜਾਂ ਬਜ਼ੁਰਗਾਂ ਵੱਲੋਂ ਅਤੀਤ 'ਚ ਹੋਈਆਂ ਖਾਮੀਆਂ ਲਈ ਜਨਤਕ ਮੁਆਫ਼ੀ ਵੀ ਮੰਗੀ।

GOLDMINE INSURANCE
A MEMBER OF ALL CANADIAN INSURANCE
Home, Business, Auto
ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAid BC

| | | | |
|---|---|---|---|
| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey
Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER
ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵੇਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਐਮਪੀ ਚੋਂਗ ਦੇ ਚੀਨ ਦੀ ਨਿਸ਼ਾਨੇ 'ਤੇ ਹੋਣ ਬਾਰੇ ਜਾਣਕਾਰੀ ਨਾ ਦੇਣ ਲਈ ਸੀਐਸਆਈਐਸ ਜ਼ਿੰਮੇਵਾਰ-ਟਰੂਡੋ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ ਦੀ ਜਾਸੂਸੀ ਸੇਵਾ ਨੇ 2021 ਵਿਚ ਕੰਸਰਵੇਟਿਵ ਐਮਪੀ ਮਾਈਕਲ ਚੋਂਗ ਨੂੰ ਇਹ ਜਾਣਕਾਰੀ ਨਾ ਦੇਣ ਦਾ ਫ਼ੈਸਲਾ ਲਿਆ ਕਿ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰ ਨੂੰ ਉਈਗਰਾਂ ਨਾਲ ਬੀਜਿੰਗ ਦੇ ਵਿਵਹਾਰ ਨੂੰ ਨਸਲਘਾਤ ਵਜੋਂ ਨਿੰਦਾ ਕਰਨ ਦੇ ਸੰਸਦੀ ਮਤੇ ਦੀ ਅਗਵਾਈ ਕਰਨ ਪਿੱਛੋਂ ਚੀਨੀ ਸਰਕਾਰ ਵਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਟਰੂਡੋ ਨੇ ਕਿਹਾ ਕਿ ਗਲੋਬ ਐਂਡ ਮੇਲ ਵਲੋਂ ਇਸ ਹਫ਼ਤੇ ਰਿਪੋਰਟ ਛਾਪਣ ਅਤੇ ਕੈਨੇਡੀਅਨ ਸਕਿਉਰਟੀ ਇੰਟੈਲੀਜੈਂਸ ਸਰਵਿਸ ਦੀ 2021 ਦੇ ਚੋਟੀ ਦੇ ਗੁਪਤ ਮੁਲਾਂਕਣ ਦਾ ਹਵਾਲਾ ਦੇਣ ਤਕ ਉਨ੍ਹਾਂ ਨੂੰ ਚੋਂਗ ਨੂੰ ਨਿਸ਼ਾਨਾ ਬਣਾਏ ਜਾਣ ਬਾਰੇ ਜਾਣਕਾਰੀ ਨਹੀਂ ਸੀ। ਉਨ੍ਹਾਂ ਕਿਹਾ ਕਿ ਜਾਸੂਸੀ ਏਜੰਸੀ ਨੇ ਇਹ ਸਪਸ਼ਟੀਕਰਨ ਦਿੱਤਾ ਕਿ ਉਸ ਨੇ ਅਥਾਰਟੀ ਦੀ ਚੇਨ ਨੂੰ ਇਸ ਕਰਕੇ ਰਿਪੋਰਟ ਨਹੀਂ ਭੇਜੀ ਕਿਉਂਕਿ ਉਸ ਨੇ ਮਹਿਸੂਸ ਕੀਤਾ ਸੀ ਕਿ ਇਹ ਬਹੁਤੀ ਚਿੰਤਾ ਵਾਲੀ ਗੱਲ ਨਹੀਂ।



ਸੀਐਸਆਈਐਸ ਨੇ ਇਹ ਮਹਿਸੂਸ ਨਹੀਂ ਕੀਤਾ ਕਿ ਇਹ ਉਸ ਮੁਕਾਮ 'ਤੇ ਪਹੁੰਚ ਗਈ ਹੈ ਜਿਸ ਲਈ ਇਸ ਦੀ ਅੱਗੇ ਜਾਣਕਾਰੀ ਦੇਣ ਦੀ ਲੋੜ ਹੈ। ਚੋਂਗ ਨੇ ਕਿਹਾ ਕਿ ਵਿਦੇਸ਼ੀ ਦਖਲਅੰਦਾਜ਼ੀ ਬਾਰੇ ਜਾਣਕਾਰੀ ਆਮ ਕਿਸਮ ਦੀ ਸੀ ਅਤੇ ਕਦੇ ਵੀ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਖ਼ਤਰੇ ਬਾਰੇ ਜ਼ਿਕਰ ਨਹੀਂ ਕੀਤਾ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਸੀਐਸਆਈਐਸ ਨੇ ਇਸ ਹਫਤੇ ਹਦਾਇਤ ਕੀਤੀ ਕਿ ਜਦੋਂ ਕਦੇ ਵੀ ਐਮਪੀਜ਼ ਜਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਖ਼ਤਰੇ ਬਾਰੇ ਜਾਣਕਾਰੀ ਮਿਲੇ ਤਾਂ ਤੁਰੰਤ ਸਰਕਾਰ ਨੂੰ ਸੂਚਿਤ ਕੀਤਾ ਜਾਵੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਸੀ ਐਸ ਆਈ ਐਸ ਅਤੇ ਆਪਣੇ ਖ਼ੁਫੀਆ ਅਧਿਕਾਰੀਆਂ ਨੂੰ ਸਪਸ਼ਟ ਕਰ ਰਹੇ ਹਾਂ ਕਿ ਜਦੋਂ ਵੀ ਕਿਸੇ ਐਮਪੀ ਜਾਂ ਉਨ੍ਹਾਂ ਦੇ ਪਰਿਵਾਰਾਂ ਬਾਰੇ ਚਿੰਤਾਵਾਂ ਵਾਲੀ ਗੱਲ ਹੁੰਦੀ ਹੈ ਤਾਂ ਉਸ ਨੂੰ ਉੱਪਰ ਪਹੁੰਚਾਉਣ ਦੀ ਲੋੜ ਹੈ ਚਾਹੇ ਸੀਐਸਆਈਐਸ ਇਹ ਮਹਿਸੂਸ ਨਾ ਕਰੇ ਕਿ ਉਨ੍ਹਾਂ ਲਈ ਹੋਰ ਸਿੱਧੀ ਕਾਰਵਾਈ ਕਰਨ ਲਈ ਚਿੰਤਾ ਦਾ ਯੋਗ ਪੱਧਰ ਮੌਜੂਦ ਹੈ। ਸਾਨੂੰ ਅਜੇ ਵੀ ਇਸ ਬਾਰੇ ਜਾਨਣ ਦੀ ਲੋੜ ਹੈ।


TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)



Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
rcic-cric
TEJINDER GREWAL: 604-837-3101
License No. 562


# ਬਹਿਸ ਖ਼ਤਮ ਕਰਨ ਲਈ ਸੂਬੇ ਦਾ ਸਮਰਥਨ ਕੌਂਸਲ ਨੂੰ ਮਨਾ ਲਵੇਗਾ-ਐਸਪੀਐਸ ਮੁਖੀ ਨੂੰ ਆਸ

ਸਰੀ-ਐਸਪੀਐਸ ਦੀ ਮੁਖੀ ਨੋਰਮ ਲਿਪਿੰਸਕੀ ਨੇ ਕਿਹਾ ਕਿ ਸਰੀ ਪੁਲਿਸ ਸਰਵਿਸ ਨੂੰ ਆਸ ਹੈ ਕਿ ਸੂਬੇ ਦਾ ਨਵੀਂ ਪੁਲਿਸ ਫੋਰਸ ਨੂੰ ਸਮਰਥਨ ਕੌਂਸਲ ਨੂੰ ਇਕੱਠੇ ਹੋਣ ਅਤੇ ਬਹਿਸ ਨੂੰ ਹਮੇਸ਼ਾ ਲਈ ਖਤਮ ਕਰਨ ਵਾਸਤੇ ਮਨਾ ਲਵੇਗਾ। ਉਨ੍ਹਾਂ ਇਕ ਰਿਲੀਜ਼ ਵਿਚ ਕਿਹਾ ਕਿ ਇਹ ਪੁਲਿਸ ਸਰਵਿਸ ਕਾਇਮ ਕਰਨ ਦਾ ਵਿਲੱਖਣ ਮੌਕਾ ਹੈ ਜਿਹੜਾ ਅੱਜ ਦੇ ਸੰਸਾਰ ਦੇ ਸਿਧਾਂਤਾਂ, ਕਦਰਾਂ ਕੀਮਤਾਂ ਤੇ ਹਕੀਕਤਾਂ ਨਾਲ ਜੁੜਿਆ ਹੋਇਆ ਹੈ ਅਤੇ ਸਰੀ ਲਈ ਪੁਲਿਸ ਨੂੰ ਮੁੜ ਪ੍ਰੀਭਾਸ਼ਤ ਕਰਨ ਦਾ ਮੌਕਾ ਹੈ। ਇਹ ਪੁਲਿਸ ਟਰਾਂਜ਼ੀਸ਼ਨ ਕੇਵਲ ਵਰਦੀ ਦਾ ਰੰਗ ਬਦਲਣ ਨਾਲ ਸਬੰਧਤ ਨਹੀਂ ਸਗੋਂ ਇਹ ਸਰੀ ਵਿਚ ਪੁਲਿਸ ਦੇ ਨਵਾਂ ਯੁਗ ਲਿਆਉਣ ਸਬੰਧੀ ਹੈ। ਲਿਪਿੰਸਕੀ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਕੌਂਸਲ ਇਸ ਗੱਲ ਨਾਲ ਸਹਿਮਤ ਹੋ ਜਾਵੇਗੀ ਕਿ ਹੁਣ ਉਨ੍ਹਾਂ ਦੇ ਪੁਲਿਸਿੰਗ ਮਾਡਲ ਵਿਚ ਮਹੱਤਵਪੂਰਣ ਤਬਦੀਲੀ ਨੂੰ ਜਾਰੀ ਰੱਖਣ ਦਾ ਸਮਾਂ ਹੈ ਜਿਹੜਾ ਆਉਣ ਵਾਲੀਆਂ ਪੀੜ੍ਹੀਆਂ ਲਈ ਸ਼ਹਿਰ ਵਿਚ ਪ੍ਰਗਤੀਸ਼ੀਲ ਤੇ ਪ੍ਰਭਾਵਸ਼ਾਲੀ ਪੁਲਿਸ ਲੈ ਕੇ ਆਵੇਗਾ। ਐਸਪੀਐਸ ਨੇ ਅੱਗੇ ਕਿਹਾ ਕਿ ਸੂਬੇ ਦੀ ਟਰਾਂਜ਼ੀਸ਼ਨ ਜਾਰੀ ਰੱਖਣ ਦੀ ਸਿਫਾਰਸ਼ ਸਰੀ ਵਿਚ ਗੱਲਾਂ ਨੂੰ ਅੱਗੇ ਲੈ ਕੇ ਜਾਵੇਗੀ। ਉਹ ਬਹੁਤ ਹੀ ਮਹੱਤਵਪੂਰਣ ਅਗਲੇ ਕਦਮਾਂ ਨਾਲ ਮੇਅਰ ਅਤੇ ਕੌਂਸਲ ਅਤੇ ਸੂਬਾ ਸਰਕਾਰ ਨਾਲ ਕੰਮ ਕਰਨ ਦੇ ਮੌਕੇ ਦਾ ਸਵਾਗਤ ਕਰਦਾ ਹੈ। ਇਹ ਮੇਰੀ ਆਸ ਹੈ ਕਿ ਅਸੀਂ ਹੁਣ ਇਕੱਠੇ ਹੋ ਕੇ ਇਸ ਤਰੱਕੀ ਕਰ ਰਹੇ ਅਤੇ ਵਿਭਿੰਨਤਾ ਵਾਲੇ ਸ਼ਹਿਰ ਲਈ ਅਧੁਨਿਕ ਪੁਲਿਸ ਸਰਵਿਸ ਜਾਰੀ ਰੱਖਣ 'ਤੇ ਧਿਆਨ ਕੇਂਦਰਿਤ ਕਰ ਸਕਦੇ ਹਾਂ।




Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS* FREE LEGAL FEE & APPRAISAL





RAJ GILL, AMP
VANCOUVER
Unit 200-6330 Fraser St
@47 Ave & Fraser St
604 564 1000
VERICO CANADA'S TRUSTED MORTGAGE EXPERTS
Our Symbol of Care & Service
Superior Mortgage
The Banking Alternative
SHARNJIT GILL, AMP
SURREY
Unit 244 8138 128 St
604 507 1000
www.quickapproval.ca



JJB INSURANCE
BBB ACCREDITED BUSINESS
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
| --- | --- | --- | --- |
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



HOUSE INSURANCE UP TO 65% DISCOUNT AVAILABLE
*RATES SUBJECT TO CHANGE WITHOUT ANY NOTICE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
Ask for Special Rate for Super Visa Insurance
Money Back upon Visa Declined
• ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available

# ਨੌਰਥ ਡੈਲਟਾ ਦੁਰਘਟਨਾ ਵਿਚ ਸਰੀ ਦੀ ਔਰਤ ਦੀ ਮੌਤ

ਸਰੀ-ਸੋਮਵਾਰ ਸਵੇਰੇ ਨੌਰਥ ਡੈਲਟਾ ਵਿਚ ਸਵੇਰ ਵੇਲੇ ਹੋਈ ਦੁਰਘਟਨਾ ਵਿਚ ਸਰੀ ਦੀ ਔਰਤ ਦੀ ਮੌਤ ਹੋ ਗਈ। ਇਕ ਮਈਨੂੰ ਦੋ ਕਾਰਾਂ ਦੀ ਟੱਕਰ ਦੀ ਖ਼ਬਰ ਮਿਲਣ ਪਿੱਛੋਂ ਸਵੇਰੇ ਪੰਜ ਵਜੇ ਤੋਂ ਬਾਅਦ ਡੈਲਟਾ ਪੁਲਿਸ ਸਕੌਟ ਰੋਡ ਅਤੇ 84ਵੀਂ ਐਵੀਨਿਊ ਦੇ ਚੌਰਾਹੇ 'ਤੇ ਪੁੱਜੀ। ਬਲੈਕ ਪ੍ਰੈਸ ਫਰੀਲਾਂਸਰ ਮੁਤਾਬਿਕ ਐਮਰਜੈਂਸੀ ਅਮਲੇ ਨੇ ਇਕ ਵਿਅਕਤੀ ਦੀ ਜ਼ਿੰਦਗੀ ਬਚਾਉਣ ਦੇ ਉਪਾਅ ਕੀਤੇ ਜਿਸ ਨੂੰ ਮੌਕੇ 'ਤੇ ਮ੍ਰਿਤਕ ਐਲਾਨਿਆਂ ਗਿਆ। ਪੁਲਿਸ ਨੇ ਦੱਸਿਆ ਕਿ ਦੂਸਰਾ ਵਿਅਕਤੀ ਮੌਕੇ 'ਤੇ ਰਿਹਾ ਅਤੇ ਜਾਂਚ ਵਿਚ ਸਹਿਯੋਗ ਕਰ ਰਿਹਾ ਹੈ। ਡੀਪੀਡੀ ਨੇ ਇਕ ਪ੍ਰੈਸ ਰਿਲੀਜ਼ ਵਿਚ ਦੱਸਿਆ ਕਿ ਅਸੀਂ ਇਸ ਦੁਰਘਟਨਾ ਦੇ ਸ਼ਿਕਾਰ ਵਿਅਕਤੀ ਦੇ ਪਰਿਵਾਰ ਤੇ ਦੋਸਤਾਂ ਨਾਲ ਸੋਗ ਜ਼ਾਹਿਰ ਕਰਦੇ ਹਾਂ। ਪੁਲਿਸ ਨੇ ਮ੍ਰਿਤਕ ਦੀ ਪਛਾਣ ਜਾਰੀ ਨਹੀਂ ਕੀਤੀ।

# ਯੂਕਰੇਨ 'ਚ ਲੜਾਈ ਦੌਰਾਨ ਦੋ ਕੈਨੇਡੀਅਨ ਸੈਨਿਕਾਂ ਦੀ ਮੌਤ



ਓਟਵਾ-ਯੂਕਰੇਨ ਵਿਚ ਲੜਾਈ ਦੌਰਾਨ ਦੋ ਕੈਨੇਡੀਅਨ ਸੈਨਿਕਾਂ ਦੀ ਮੌਤ ਹੋ ਗਈ। ਪਾਲ ਹਿਊਜ਼ ਦਾ ਕਹਿਣਾ ਕਿ ਪੂਰਬੀ ਯੂਕਰੇਨ ਵਿਚ ਖ਼ੂਨੀ ਲੜਾਈ ਦੌਰਾਨ ਅਲਬਰਟਾ ਦੇ ਮਾਰੇ ਗਏ ਸੈਨਿਕ ਦੀ ਲਾਸ਼ 'ਤੇ ਕੈਨੇਡੀਅਨ ਝੰਡਾ ਰੱਖਣਾ ਉਸ ਦੀ ਜ਼ਿੰਦਗੀ ਦੇ ਸਭ ਤੋਂ ਔਖੇ ਪਲਾਂ ਵਿਚੋਂ ਇਕ ਸੀ। ਹਿਊਜ਼ ਚਾਰ ਘੰਟੇ ਤੋਂ ਵੱਧ ਸਮੇਂ ਵਿਚ ਬਖਮੂਟ ਨੇੜਿਓਂ ਕਾਇਲ ਪੋਰਟਰ ਦੀ ਲਾਸ਼ ਨੂੰ ਐਂਬੂਲੈਂਸ ਰਾਹੀਂ ਲੈ ਕੇ ਗਿਆ ਜਿਥੇ ਕੈਨੇਡਾਇਨ ਅਤੇ ਇਕ ਹੋਰ ਸੈਨਿਕ ਲੋਕ ਜ਼ੇਲੇਨਕੋ ਦੀ ਪਿਛਲੇ ਹਫ਼ਤੇ ਭਿਆਨਕ ਲੜਾਈ ਦੌਰਾਨ ਮੌਤ ਹੋ ਗਈ ਸੀ। ਪੋਰਟਰ ਦੀ ਲਾਸ਼ ਪ੍ਰਾਪਤ ਕਰਨ ਪਿੱਛੋਂ ਖਰਕੀਵ ਤੋਂ ਫੋਨ 'ਤੇ ਇਕ ਮੁਲਾਕਾਤ ਵਿਚ ਹਿਊਜ਼ ਨੇ ਕਿਹਾ ਕਿ ਉਸ ਨੇ ਉਸ ਉਪਰ ਕੈਨੇਡੀਅਨ ਝੰਡਾ ਲਪੇਟਿਆ। ਇਸ ਗੱਲ ਨੇ ਮੈਨੂੰ ਉਨਾ ਹੀ ਪ੍ਰਭਾਵਤ ਕੀਤਾ ਜਿਨ੍ਹਾਂ ਉਹ ਯੂਕਰੇਨ ਵਿਚ 15 ਮਹੀਨੇ ਰਹਿਣ ਨਾਲ ਪ੍ਰਭਾਵਤ ਹੋਇਆ ਹੈ। ਉਸ ਨੂੰ ਉਨ੍ਹਾਂ ਦੇ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਹੈ। ਗਲੋਬਲ ਅਫੇਅਰਜ਼ ਨੇ ਇਕ ਈਮੇਲ ਬਿਆਨ ਵਿਚ ਕਿਹਾ ਕਿ ਵਿਭਾਗ ਇਨ੍ਹਾਂ ਰਿਪੋਰਟਾਂ ਬਾਰੇ ਜਾਗਰੂਕ ਹੈ ਕਿ ਦੋ ਕੈਨੇਡੀਅਨਾਂ ਦੀ ਯੂਕਰੇਨ ਵਿਚ ਮੌਤ ਹੋ ਗਈ। ਇਸ ਨੇ ਕਿਹਾ ਕਿ ਉਹ ਅਧਿਕਾਰੀਆਂ ਦੇ ਹੁਕਮ ਦੀ ਪਾਲਣਾ ਕਰ ਰਿਹਾ ਹੈ ਪਰ ਗੋਪਨੀਯਤਾ ਕਾਰਨ ਹੋਰ ਜਾਣਕਾਰੀ ਨਹੀਂ ਦੇ ਸਕਦੇ। ਪਰਿਵਾਰ ਤੇ ਸਹਾਇਤਾ ਵਰਕਰਾਂ ਨੇ ਦੋ ਕੈਨੇਡੀਅਨਾਂ ਦੀ ਪਛਾਣ ਕੀਤੀ ਹੈ। ਮੇਅਰ ਮੈਟ ਸਿਕੋ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਦੱਸਿਆ ਕਿ ਜ਼ੇਲੇਨਕੋ ਓਨਟਾਰੀਓ ਸੂਬੇ ਵਿਚ ਸੇਂਟ ਕੈਥਰੀਨਜ਼ ਨਾਲ ਸਬੰਧਤ ਸੀ ਅਤੇ ਕੈਨੇਡੀਅਨ ਆਰਮਡ ਫੋਰਸ ਦਾ ਮੈਂਬਰ ਸੀ। ਉਸ ਦੀ ਲਾਸ਼ ਦੋ ਹਫ਼ਤਿਆਂ ਤਕ ਕੈਨੇਡਾ ਵਾਪਸ ਲਿਆਂਦੇ ਜਾਣ ਦੀ ਆਸ ਹੈ। ਹਿਊਜ਼ ਨੇ ਕਿਹਾ ਕਿ ਉਹ ਦੋਵੇਂ ਕੈਨੇਡੀਅਨ ਸੈਨਿਕਾਂ ਨੂੰ ਨਹੀਂ ਜਾਣਦਾ ਪਰ ਉਨ੍ਹਾਂ ਦੀ ਯੂਨਿਟ ਦੇ ਸੈਨਿਕਾਂ ਨੇ ਉਨ੍ਹਾਂ ਬਹਦਰ ਨਾਇਕ ਆਖਿਆ ਹੈ।

# ਕੈਨੇਡਾ ਦੇ ਇਮੀਗ੍ਰੇਸ਼ਨ ਸਿਸਟਮ ਨੂੰ ਪ੍ਰਭਾਵਤ ਕਰਨ ਵਾਲੀ ਹੜਤਾਲ ਖ਼ਤਮ




ਓਟਵਾ-ਪਬਲਿਕ ਸਰਵਿਸ ਅਲਾਇੰਸ ਆਫ ਕੈਨੇਡਾ (ਪੀਐਸਏਸੀ) ਅਤੇ ਫੈਡਰਲ ਸਰਕਾਰ ਵਿਚਕਾਰ ਹੜਤਾਲ ਪਿੱਛੋਂ ਆਰਜ਼ੀ ਸਮਝੌਤਾ ਹੋ ਗਿਆ ਹੈ ਅਤੇ ਇਸ ਹੜਤਾਲ ਕਾਰਨ 155000 ਤੋਂ ਵੀ ਜ਼ਿਆਦਾ ਸਰਕਾਰੀ ਮੁਲਾਜ਼ਮ ਪ੍ਰਭਾਵਤ ਹੋਏ ਹਨ ਜਿਨ੍ਹਾਂ ਵਿਚ ਇਮੀਗ੍ਰੇਸ਼ਨ ਰਿਫਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਨਾਲ ਸਬੰਧਤ ਮੁਲਾਜ਼ਮ ਵੀ ਸ਼ਾਮਿਲ ਹਨ। ਹੜਤਾਲ 19 ਅਪ੍ਰੈਲ ਨੂੰ ਸ਼ੁਰੂ ਹੋਈ ਸੀ। ਪੀਐਸਏਸੀ ਨੇ ਆਪਣੇ ਮੈਂਬਰਾਂ ਨੂੰ ਕੰਮ 'ਤੇ ਵਾਪਸ ਆਉਣ ਦੀ ਹਦਾਇਤ ਕੀਤੀ ਹੈ। ਫੈਡਰਲ ਮੁਲਾਜ਼ਮਾਂ ਜਿਹੜੇ ਹੜਤਾਲ 'ਤੇ ਸਨ ਦੀ ਪ੍ਰਤੀਨਿਧਤਾ ਕਰਦੀ ਪੀਐਸਏਸੀ ਨੇ ਕਿਹਾ ਕਿ ਆਰਜ਼ੀ ਸਮਝੌਤੇ ਵਿਚ ਉੱਚੀ ਤਨਖਾਹ ਜਿਹੜੀ ਮਹਿੰਗਾਈ ਦਾ ਪਾੜਾ ਪੂਰਾ ਕਰੇਗੀ,ਘਰ ਤੋਂ ਕੰਮ ਕਰਨ ਲਈ ਨਵੀਂ ਤੇ ਸੁਧਰੀ ਭਾਸ਼ਾ ਸਮੇਤ ਇਸ ਦੇ ਮੈਂਬਰਾਂ ਲਈ ਹੋਰ ਅਨੁਕੂਲ ਵਿਵਸਥਾਵਾਂ ਸ਼ਾਮਿਲ ਹਨ। ਆਈਆਰਸੀਸੀ ਨੇ ਆਪਣੀ ਵੈੱਬਸਾਈਟ 'ਤੇ ਕਿਹਾ ਕਿ ਅਗਲੇ ਕੁਝ ਦਿਨ ਅਤੇ ਹਫਤੇ ਕੁਝ ਸੇਵਾਵਾਂ ਪ੍ਰਭਾਵਤ ਰਹਿ ਸਕਦੀਆਂ ਹਨ ਕਿਉਂਕਿ ਸੇਵਾਵਾਂ ਨੇ ਪੂਰੀ ਸਮਰੱਥਾ ਵਿਚ ਅਜੇ ਆਉਣਾ ਹੈ। ਲੇਬਰ ਵਿਘਨ ਦੌਰਾਨ ਇਸ ਸਫ਼ੇ ਨੂੰ ਅਸੀਂ ਤੁਹਾਨੂੰ ਇਹ ਦੱਸਣ ਲਈ ਅਪਡੇਟ ਕਰਨਾ ਜਾਰੀ ਰੱਖਾਂਗੇ ਕਿ ਸੇਵਾਵਾਂ ਕਿਵੇਂ ਪ੍ਰਭਾਵਤ ਹੁੰਦੀਆਂ ਹਨ। ਹੜਤਾਲ ਦੌਰਾਨ ਆਈਆਰਸੀਸੀ ਨੇ ਕਈ ਖੇਤਰਾਂ ਵਿਚ ਦੇਰੀ ਬਾਰੇ ਸਾਵਧਾਨ ਕੀਤਾ ਹੈ। ਹੜਤਾਲ ਦੌਰਾਨ ਕੈਨੇਡਾ ਵਿਚ ਆਪਣੇ ਠਹਿਰਨ ਦੇ ਸਮੇਂ ਨੂੰ ਵਧਾਉਣ ਲਈ ਆਈਆਰਸੀਸੀ ਕੋਲ ਆਨਲਾਈਨ ਅਪਲਾਈ ਕਰਨਾ ਅਜੇ ਵੀ ਸੰਭਵ ਹੈ। ਹੜਤਾਲ ਦੇ ਬਾਵਜੂਦ ਆਈਆਰਸੀਸੀ ਨੇ ਆਪਣੇ ਨਿਯਮਤ ਤੌਰ 'ਤੇ ਆਪਣਾ ਐਕਸਪ੍ਰੈਸ ਐਂਟਰੀ ਡਰਾਅ ਕੱਢਿਆ ਜਿਸ ਵਿਚ 3500 ਹੋਰ ਉਮੀਦਵਾਰਾਂ ਨੂੰ ਪਰਮਾਨੈਂਟ ਰੈਜ਼ੀਡੈਂਸ ਲਈ ਅਪਲਾਈ ਕਰਨ ਵਾਸਤੇ ਸੱਦਾ ਦਿੱਤਾ ਗਿਆ ਹੈ।

# ਫਾਊਂਡੇਸ਼ਨ ਨੂੰ ਦਾਨ ਚੀਨੀ ਦਖਲਅੰਦਾਜ਼ੀ ਨਹੀਂ-ਅਲੈਗਜ਼ੈਂਡਰ ਟਰੂਡੋ



ਓਟਵਾ-ਪਿਅਰੇ ਇਲੀਅਟ ਟਰੂਡੋ ਫਾਊਂਡੇਸ਼ਨ ਦੇ ਸੰਸਥਾਪਕ ਮੈਂਬਰ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਛੋਟੇ ਭਰਾ ਅਲੈਗਜ਼ੈਂਡਰ ਟਰੂਡੋ ਨੇ ਇਨ੍ਹਾਂ ਰਿਪੋਰਟਾਂ ਨੂੰ ਖਾਰਜ ਕਰ ਦਿੱਤਾ ਕਿ ਚੈਰਿਟੀ ਵਿਦੇਸ਼ੀ ਦਖਲਅੰਦਾਜ਼ੀ ਦੇ ਨਿਸ਼ਾਨੇ 'ਤੇ ਸੀ ਅਤੇ ਕਿਹਾ ਕਿ ਜਿਹੜੇ ਦੋ ਚੀਨੀ ਵਿਅਕਤੀਆਂ ਨੇ ਦਾਨ ਕੀਤਾ ਉਹ ਚੀਨ ਵਿਚ ਸਤਿਕਾਰਤ ਵਿਅਕਤੀ ਹਨ ਅਤੇ ਉਨ੍ਹਾਂ ਦੀ ਉਥੇ ਪ੍ਰਸ਼ੰਸਾ ਕੀਤੀ ਜਾਂਦੀ ਹੈ। ਫਾਊਂਡੇਸ਼ਨ ਦੀ ਸ਼ਮੂਲੀਅਤ ਨਾਲ ਸਬੰਧਤ ਤਾਜ਼ਾ ਘਟਨਾਵਾਂ ਬਾਰੇ ਬਿਆਨ ਦੇਣ ਲਈ ਕਹੇ ਜਾਣ ਪਿੱਛੋਂ ਅਲੈਗਜ਼ੈਂਡਰ ਟਰੂਡੋ ਬਿਆਨ ਦੇਣ ਲਈ ਗੋਪਨੀਅਤਾ ਅਤੇ ਨੈਤਿਕਤਾ ਤਕ ਪਹੁੰਚ ਬਾਰੇ ਹਾਊਸ ਆਫ ਕਾਮਨਜ਼ ਕਮੇਟੀ ਸਾਹਮਣੇ ਪੇਸ਼ ਹੋਏ ਸਨ। ਇਹ ਫਾਊਂਡੇਸ਼ਨ ਜੀਨ ਕ੍ਰੇਟੀਅਨ ਸਰਕਾਰ ਦੀ 125 ਮਿਲੀਅਨ ਡਾਲਰ ਦੀ ਸਹਾਇਤਾ ਨਾਲ 2002 ਵਿਚ ਸਥਾਪਤ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਉਹ ਇਹ ਦਲੀਲ ਰੱਦ ਕਰਦੇ ਹਨ ਕਿ ਦੋ ਚੀਨੀ ਦਾਨੀਆਂ ਨੇ ਚੀਨੀ ਸਰਕਾਰ ਵਲੋਂ ਉਨ੍ਹਾਂ ਜਾਂ ਉਨ੍ਹਾਂ ਦੇ ਪਰਿਵਾਰ 'ਤੇ ਪ੍ਰਭਾਵ ਪਾਉਣ ਦੀ ਕੋਸ਼ਿਸ਼ ਵਜੋਂ ਫਾਊਂਡੇਸ਼ਨ ਨੂੰ ਦਾਨ ਦਿੱਤਾ ਸੀ। ਕਿਸੇ ਵੀ ਦੇਸ਼ ਅਤੇ ਕਿਸੇ ਵੀ ਵਿਅਕਤੀ ਨੇ ਫਾਊਂਡੇਸ਼ਨ ਰਾਹੀਂ ਕੈਨੇਡੀਅਨ ਸਰਕਾਰ 'ਤੇ ਪ੍ਰਭਾਵ ਪਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਟਰੂਡੋ ਨੇ ਐਮਪੀਜ਼ ਨੂੰ ਦੱਸਿਆ ਕਿ ਉਸ ਨੇ ਦਾਨ ਸਮਝੌਤੇ 'ਤੇ ਦਸਤਖ਼ਤ ਕੀਤੇ ਸੀ ਅਤੇ ਇਹ ਪਹਿਲੀ ਵਾਰ ਸੀ ਜਦੋਂ ਉਨ੍ਹਾਂ ਫਾਊਂਡੇਸ਼ਨ ਦੀ ਤਰਫੋਂ ਅਜਿਹਾ ਕੀਤਾ। ਇਸੇ ਮੁੱਦੇ 'ਤੇ ਕੰਸਰਵੇਟਿਵ ਐਮਪੀਜ਼ ਨੇ ਧਿਆਨ ਕੇਂਦਰਿਤ ਕੀਤਾ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਦਸਤਖ਼ਤ ਜ਼ਰੂਰੀ ਸਨ ਕਿਉਂਕਿ ਦਾਨ ਵਿਚ ਯੂਨੀਵਰਸਿਟੀ ਆਫ ਮਾਂਟਰੀਅਲ ਦੀ ਸ਼ਮੂਲੀਅਤ ਸੀ ਅਤੇ ਇਸ ਲਈ ਉਸ ਦੇ ਪਰਿਵਾਰ ਦੀ ਨਾਂਅ ਦੀ ਵਰਤੋਂ ਕਰਨ ਲਈ ਟਰੂਡੋ ਪਰਿਵਾਰ ਦੇ ਪ੍ਰਤੀਨਿਧ ਵਜੋਂ ਉਨ੍ਹਾਂ ਦੀ ਪ੍ਰਵਾਨਗੀ ਦੀ ਲੋੜ ਸੀ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic·cric
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

## ਮਿਥ ਕੇ ਕੀਤੀ ਗੋਲੀਬਾਰੀ ਵਿਚ ਇਕ ਵਿਅਕਤੀ ਦੀ ਮੌਤ

ਸਰੀ-ਸ਼ਹਿਰ ਦੇ ਗਿਲਫੋਰਡ ਨੇਬਰਹੁੱਡ ਵਿਚ ਮਿਥ ਕੇ ਕੀਤੀ ਗੋਲੀਬਾਰੀ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਇਕ ਹੋਰ ਜ਼ਖ਼ਮੀ ਹੋ ਗਿਆ। ਮੰਗਲਵਾਰ ਸ਼ਾਮ 8 ਵਜੇ ਦੇ ਲਗਪਗ ਪੁਲਿਸ ਸਰੀ ਵਿਚ 108 ਐਵੀਨਿਊ ਅਤੇ 148 ਸਟਰੀਟ ਇਲਾਕੇ ਵਿਚ ਇਕ ਪਾਰਕਿੰਗ ਵਿਚ ਗੋਲੀਬਾਰੀ ਦੀ ਰਿਪੋਰਟ ਮਿਲਣ ਪਿੱਛੋਂ ਪੁੱਜੀ। ਸਰੀ ਆਰਸੀਐਮਪੀ ਮੁਤਾਬਿਕ ਮੌਕੇ 'ਤੇ ਪੁੱਜੇ ਅਫਸਰਾਂ ਨੇ ਦੇਖਿਆ ਕਿ ਦੋ ਵਿਅਕਤੀਆਂ ਦੇ ਗੋਲੀਆਂ ਲੱਗੀਆਂ ਹੋਈਆਂ ਹਨ। ਇਕ ਦੀ ਹਾਲਤ ਗੰਭੀਰ ਸੀ ਜਿਸ ਦੀ ਹਸਪਤਾਲ ਲਿਜਾਏ ਜਾਣ ਪਿੱਛੋਂ ਮੌਤ ਹੋ ਗਈ। ਦੂਸਰਾ ਵਿਅਕਤੀ ਹਸਪਤਾਲ ਵਿਚ ਦਾਖਲ ਹੈ ਅਤੇ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਮੌਕੇ 'ਤੇ ਮੌਜੂਦ ਇਕ ਫਰੀਲਾਂਸ ਫੋਟੋਗ੍ਰਾਫਰ ਨੇ ਦੇਖਿਆ ਕਿ ਕਾਲੇ ਰੰਗ ਦੀ ਡੌਜ ਐਸਯੂਵੀ 'ਤੇ ਗੋਲੀਆਂ ਦੇ ਕਈ ਸੁਰਾਖ ਦੇਖੇ ਜਾ ਸਕਦੇ ਸਨ। ਪੁਲਿਸ ਅਜੇ ਸਬੂਤ ਇਕੱਤਰ ਕਰ ਰਹੀ ਹੈ ਪਰ ਮੁੱਢਲੀ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਇਹ ਬੀਸੀ ਗੈਂਗ ਵਾਰ ਨਾਲ ਜੁੜੀ ਮਿਥ ਕੇ ਕੀਤੀ ਗਈ ਘਟਨਾ ਹੈ। ਸੰਭਾਵਤ ਸ਼ੱਕੀ ਮੋਟਰ ਗੱਡੀ ਥੋੜੀ ਦੇਰ ਬਾਅਦ ਲੈਂਗਲੀ ਵਿਚ ਮਿਲੀ ਅਤੇ ਇਹ ਸੰਕੇਤ ਮਿਲੇ ਹਨ ਕਿ ਉਸ ਨੂੰ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਪੁਲਿਸ ਘਟਨਾ ਦੇ ਚਸ਼ਮਦੀਦ ਨੂੰ ਜਾਣਕਾਰੀ ਦੇਣ ਲਈ ਅੱਗੇ ਆਉਣ ਦੀ ਅਪੀਲ ਕਰ ਰਹੀ ਹੈ।

## ਲੈਂਗਲੀ ਵਿਚ ਆਰਸੀਐਮਪੀ ਦੀ ਐਮਰਜੈਂਸੀ ਰਿਸਪਾਂਸ ਟੀਮ ਦੀ ਐਸਯੂਵੀ ਦੁਰਘਟਨਾ ਗ੍ਰਸਤ

ਸਰੀ-ਲੈਂਗਲੀ ਵਿਚ ਆਰਸੀਐਮਪੀ ਦੀ ਐਮਰਜੈਂਸੀ ਰਿਸਪਾਂਸ ਟੀਮ ਦੀ ਇਕ ਐਸਯੂਵੀ ਦੁਰਘਟਨਾ ਗ੍ਰਸਤ ਹੋ ਗਈ। ਈਆਰਟੀ ਅਫਸਰਾਂ ਦੀ ਟੀਮ ਦਾ ਕਾਫਲਾ ਚਿਲੀਵੈਕ ਵਿਚ ਹਥਿਆਰਾਂ ਸਬੰਧੀ ਆਈ ਫੋਨ ਕਾਲ ਕਾਰਨ ਬਰੌਡਵੇ ਅਤੇ ਵੂਡਬਾਈਨ ਵਿਚਕਾਰ ਮੇਨਜ਼ੀਜ਼ ਨੇੜੇ ਯਾਲੇ ਰੋਡ ਦੀ ਇਕ ਪੱਟੀ 'ਤੇ ਜਾ ਰਿਹਾ ਸੀ। ਰਸਤੇ ਵਿਚ ਰਿਸਪਾਂਸ ਟੀਮ ਦੇ ਇਕ ਮੈਂਬਰ ਦੀ ਐਸਯੂਵੀ ਦੁਰਘਟਨਾ ਗ੍ਰਸਤ ਹੋ ਗਈ। ਲੈਂਗਲੀ ਵਿਚ ਚਸ਼ਮਦੀਦ ਅਤੇ ਸਰੀ ਇਲਾਕੇ ਦੇ ਗਵਾਹਾਂ ਮੁਤਾਬਿਕ ਲਗਪਗ 9 ਈਆਰਟੀ ਮੋਟਰਗੱਡੀਆਂ ਭਾਰੀ ਆਵਾਜਾਈ ਵਿਚ ਬਹੁਤ ਤੇਜ਼ੀ ਨਾਲ ਇਲਾਕੇ ਵਿਚੋਂ ਗੁਜ਼ਰ ਰਹੀਆਂ ਸਨ। ਸ਼ਾਮ ਤਿੰਨ ਵਜੇ ਦੇ ਲਗਪਗ ਈਆਰਟੀ ਐਸਯੂਵੀ ਤੇਜ਼ ਰਫ਼ਤਾਰ ਨਾਲ ਡੰਪ ਟਰੱਕ ਦੇ ਪਿੱਛੇ ਟਕਰਾ ਗਈ। ਕਿਸੇ ਪੁਲਿਸ ਅਫਸਰ ਦੇ ਜ਼ਖ਼ਮੀ ਹੋਣ ਬਾਰੇ ਕੋਈ ਜਾਣਕਾਰੀ ਨਹੀਂ। ਸ਼ਾਮ 5.30 ਵਜੇ ਤਕ ਦੁਰਘਟਨਾ ਵਾਲੀ ਥਾਂ ਨੂੰ ਸਾਫ ਕਰਨ ਤਕ ਆਵਾਜਾਈ 'ਤੇ ਭਾਰੀ ਅਸਰ ਪਿਆ। ਸੀਵੀਐਸਈ(ਕਮਰਸ਼ੀਅਲ ਵਹੀਕਲ ਸੇਫਟੀ ਐਂਡ ਇਨਫੋਰਸਮੈਂਟ) ਦੇ ਅਧਿਕਾਰੀ ਵੀ ਮੌਕੇ ਦੀ ਜਾਂਚ ਕਰ ਰਹੇ ਸਨ। ਪੰਜ ਵਜੇ ਪਿੱਛੋਂ ਚਿਲੀਵੈਕ ਵਿਚ ਹਥਿਆਰਾਂ ਦੀ ਘਟਨਾ ਨੂੰ ਸੁਰੱਖਿਅਤ ਸਿੱਟੇ ਤਕ ਪਹੁੰਚਾ ਦਿੱਤਾ ਗਿਆ।

# ਸਰੀ ਪੁਲਿਸ ਬਾਰੇ ਬਹਿਸ ਬਹੁਤ ਲੰਬੀ ਚੱਲੀ-ਪ੍ਰੀਮੀਅਰ ਏਬੀ



ਵਿਕਟੋਰੀਆ-ਪ੍ਰੀਮੀਅਰ ਡੇਵਿਡ ਏਬੀ ਨੇ ਕਿਹਾ ਕਿ ਸਰੀ ਦੀ ਪੁਲਿਸ ਟਰਾਂਜ਼ੀਸ਼ਨ ਦਾ ਮੁੱਦਾ ਬਹੁਤ ਲੰਬਾ ਖਿੱਚਿਆ ਗਿਆ ਹੈ ਅਤੇ ਇਸ ਨੂੰ ਜਿੰਨਾ ਛੇਤੀ ਸੰਭਵ ਹੋਵੇ ਬੰਦ ਕਰਨ ਦੀ ਲੋੜ ਹੈ। ਵਿਕਟੋਰੀਆ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਏਬੀ ਨੇ ਕਿਹਾ ਕਿ ਉਨ੍ਹਾਂ ਨੇ ਸਰੀ ਦੀ ਮੇਅਰ ਬਰੈਂਡਾ ਲੋਕ ਨਾਲ ਦੋ ਵਾਰ ਉਸਾਰੂ ਗੱਲਬਾਤ ਕੀਤੀ ਹੈ ਜਿਹੜੀ ਸੋਧੀ ਹੋਈ ਰਿਪੋਰਟ ਨਾਲ ਨਾਰਾਜ਼ ਹੋ ਗਈ ਜਦਕਿ ਜਨਤਕ ਸੁਰੱਖਿਆ ਮੰਤਰੀ ਮਾਈਕ ਫਾਰਨਵਰਥ ਸੂਬਾ ਸਰਕਾਰ ਦੀ ਸਿਫਾਰਸ਼ ਨੂੰ ਜਨਤਕ ਕਰਦਿਆਂ ਕਿਹਾ ਕਿ ਸਰੀ ਨੂੰ ਸਰੀ ਆਰਸੀਐਮਪੀ ਕਾਇਮ ਰੱਖਣ ਦੀ ਬਜਾਏ ਸਰੀ ਪੁਲਿਸ ਸਰਵਿਸ ਟਰਾਂਜ਼ੀਸ਼ਨ ਲਈ ਕੰਮ ਜਾਰੀ ਰੱਖਣਾ ਚਾਹੀਦਾ ਹੈ। ਏਬੀ ਨੇ ਕਿਹਾ ਕਿ ਮੇਅਰ ਅਤੇ ਕੌਂਸਲ ਨਾਲ ਪੂਰੀ ਅਣਸੋਧੀ ਹੋਈ ਰਿਪੋਰਟ ਨਾਲ ਮੀਟਿੰਗ ਹੋਵੇਗੀ ਤਾਂ ਜੋ ਉਨ੍ਹਾਂ ਕੋਲ ਸਾਰੀ ਜਾਣਕਾਰੀ ਹੋਵੇ ਜਿਸ ਦੀ ਉਨ੍ਹਾਂ ਨੂੰ ਆਪਣੇ ਵਿਚਾਰ ਵਟਾਂਦਰੇ ਲਈ ਲੋੜ ਹੈ। ਪ੍ਰੀਮੀਅਰ ਨੇ ਕਿਹਾ ਕਿ ਇਹ ਕਰਨ ਪਿੱਛੋਂ ਉਹ ਤੇ ਜਨਤਕ ਸੁਰੱਖਿਆ ਮੰਤਰੀ ਮਾਈਕ ਫਾਰਨਵਰਥ ਬੈਠਣ ਅਤੇ ਅੱਗੇ ਵਧਣ ਦਾ ਰਸਤਾ ਬਣਾਉਣ ਲਈ ਉਪਲਬਧ ਹੋਣਗੇ। ਸਾਨੂੰ ਪਤਾ ਹੈ ਕਿ ਸਰੀ ਵਿਚ ਜਨਤਕ ਸੁਰੱਖਿਆ ਦੇ ਮੁੱਦੇ 'ਤੇ ਅੱਗੇ ਵਧਣ ਦਾ ਇਕੋ ਇਕ ਰਸਤਾ ਸਿਟੀ ਨਾਲ ਭਾਈਵਾਲੀ ਹੈ ਅਤੇ ਇਸੇ ਲਈ ਅਸੀਂ ਕੰਮ ਕਰਾਂਗੇ। ਏਬੀ ਨੇ ਜ਼ੋਰ ਦੇ ਕੇ ਕਿਹਾ ਕਿ ਸਾਨੂੰ ਇਸ ਨੂੰ ਜਿੰਨਾ ਛੇਤੀ ਹੋ ਸਕੇ ਬੰਦ ਕਰਨ ਦੀ ਲੋੜ ਹੈ, ਸਰੀ ਦੇ ਲੋਕਾਂ ਨੂੰ ਦਿਸ਼ਾ ਬਾਰੇ ਸਪਸ਼ਟਤਾ ਦੀ ਲੋੜ ਹੈ। ਇਹ ਮੁੱਦਾ ਬਹੁਤ ਲੰਬਾ ਖਿੱਚਿਆ ਗਿਆ ਹੈ।

# ਕਾਰ ਦੀ ਚੋਰੀ ਦੇ ਸ਼ੱਕੀ ਵਿਚ ਹੱਥਕੜੀ ਲਗਾਏ ਜਾਣ ਪਿੱਛੋਂ ਕਾਲੇ ਮਾਂਟਰੀਅਲ ਵਾਸੀ ਵਲੋਂ ਪੁਲਿਸ 'ਤੇ ਮੁਕੱਦਮਾ

ਮਾਂਟਰੀਅਲ-ਇਥੋਂ ਦਾ ਇਕ ਵਾਸੀ ਉਸ ਦੀ ਆਪਣੀ ਕਾਰ ਚੋਰੀ ਕੀਤੇ ਜਾਣ ਦੇ ਸ਼ੱਕ ਵਿਚ ਅਫਸਰਾਂ ਵਲੋਂ ਉਸ ਨੂੰ ਹੱਥਕੜੀ ਲਗਾਉਣ ਤੇ ਹਿਰਾਸਤ ਵਿਚ ਲਏ ਜਾਣ ਪਿੱਛੋਂ ਉਹ ਸਿਟੀ ਪੁਲਿਸ ਫੋਰਸ ਅਤੇ ਇਸ ਦੇ ਦੋ ਅਫਸਰਾਂ ਖਿਲਾਫ 125000 ਡਾਲਰ ਦਾ ਮੁਕੱਦਮਾ ਕਰ ਰਿਹਾ ਹੈ। ਮਾਂਟਰੀਅਲ ਦੇ ਰਹਿਣ ਵਾਲੇ 44 ਸਾਲਾ ਬਰਾਈਸ ਡੋਸਾ ਜਿਹੜਾ ਬੇਨਿਨ ਤੋਂ ਆਇਆ ਹੋਇਆ ਹੈ ਦਾਇਰ ਮੁਕੱਦਮੇ ਵਿਚ ਸਿਟੀ ਅਤੇ ਅਫਸਰਾਂ ਤੋਂ ਨੁਕਸਾਨ ਦੀ ਮੰਗ ਕਰ ਰਿਹਾ ਹੈ। ਡੋਸਾ ਜਿਹੜਾ ਕਾਲਾ ਹੈ ਨੇ ਦੋਸ਼ ਲਗਾਇਆ ਕਿ ਉਹ ਘਟਨਾ ਜਿਸ ਨੇ ਉਸ ਨੇ ਅਪਮਾਨਜਨਕ ਆਖਿਆ ਦੌਰਾਨ ਉਹ ਨਸਲੀ ਪ੍ਰੋਫਾਈਲਿੰਗ, ਗੈਰਕਾਨੂੰਨੀ ਗ੍ਰਿਫਤਾਰੀ ਅਤੇ ਹਿਰਾਸਤ ਦਾ ਸ਼ਿਕਾਰ ਹੋਇਆ ਹੈ। ਇਹ ਘਟਨਾ 3 ਨਵੰਬਰ ਨੂੰ ਮਾਂਟਰੀਅਲ ਸ਼ਾਪਿੰਗ ਸੈਂਟਰ ਦੀ ਇਕ ਪਾਰਕਿੰਗ ਵਿਚ ਵਾਪਰੀ ਅਤੇ ਉਸ ਦੀ ਗ੍ਰਿਫ਼ਤਾਰੀ ਦੀ ਵੀਡੀਓ ਰੱਜ ਕੇ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਗਈ ਸੀ। ਵੀਡੀਓ ਵਿਚ ਡੋਸਾ ਚਿੱਟ ਕੱਪੜੀਏ ਪੁਲਿਸ ਅਫਸਰਾਂ ਨੂੰ ਗੁੱਸੇ ਵਿਚ ਇਹ ਕਹਿੰਦਾ ਦੇਖਿਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਉਸ ਨੂੰ ਇਹ ਤਸਦੀਕ ਕਰਨ ਤੋਂ ਪਹਿਲਾਂ ਹੱਥਕੜੀਆਂ ਕਿਉਂ ਲਗਾਈਆਂ ਕਿ ਕੀ ਮੋਟਰ ਗੱਡੀ ਉਸ ਨਾਲ ਸਬੰਧਤ ਹੈ ਜਾਂ ਨਹੀਂ ਅਤੇ ਪੁੱਛ ਰਿਹਾ ਹੈ ਕਿ ਕੀ ਉਸ ਨੂੰ ਇਸ ਲਈ ਗ੍ਰਿਫ਼ਤਾਰ ਕੀਤਾ ਗਿਆ ਕਿਉਂਕਿ ਉਹ ਕਾਲਾ ਹੈ। ਮਾਮਲਾ ਅਦਾਲਤ ਦੇ ਸਾਹਮਣੇ ਹੋਣ ਕਾਰਨ ਮਾਂਟਰੀਅਲ ਪੁਲਿਸ ਨੇ ਟਿੱਪਣੀ ਨਹੀਂ ਕੀਤੀ। ਡੋਸਾ ਦੀ ਵਕੀਲ ਮਲਿਕਾ ਜੀਨ-ਬੈਪਟਿਸਟ ਨੇ ਕਿਹਾ ਕਿ ਉਸ ਦੇ ਸਾਇਲ ਤੋਂ ਪੁਲਿਸ ਨੇ ਕਦੇ ਵੀ ਮੁਆਫੀ ਨਹੀਂ ਮੰਗੀ। ਉਸ ਨੇ ਪੁਲਿਸ ਐਥਿਕ ਕਮਿਸ਼ਨ ਕੋਲ ਵੀ ਸ਼ਿਕਾਇਤ ਕੀਤੀ ਹੈ।

## ਲੰਬੇ ਸਮੇਂ ਦੇ ਕ੍ਰਿਪਟੋਕਰੰਸੀ ਘੁਟਾਲੇ ਵਿਚ ਇਕ ਬਜ਼ੁਰਗ ਨਾਲ 75 ਲੱਖ ਡਾਲਰ ਦੀ ਧੋਖਾਧੜੀ

ਸਰੀ-ਲੰਬੇ ਸਮੇਂ ਦੇ ਕ੍ਰਿਪਟੋਕਰੰਸੀ ਘੁਟਾਲੇ ਵਿਚ ਇਕ ਬਜ਼ੁਰਗ ਨਾਲ 75 ਲੱਖ ਡਾਲਰ (7.5 ਮਿਲੀਅਨ ਡਾਲਰ) ਦੀ ਧੋਖਾਧੜੀ ਕੀਤੀ ਗਈ ਹੈ। ਪੁਲਿਸ ਡਿਟੈਚਮੈਂਟ ਵਲੋਂ ਹੁਣ ਤਕ ਦੇਖੇ ਗਏ ਵਿਅਕਤੀਗਤ ਸਭ ਤੋਂ ਵੱਡੇ ਘੁਟਾਲਿਆਂ ਵਿਚੋਂ ਇਕ ਵਿਚ ਬਜ਼ੁਰਗ ਨਾਲ ਕੀਤੀ 75 ਲੱਖ ਦੀ ਧੋਖਾਧੜੀ ਪਿੱਛੋਂ ਬਰਨਬੀ ਆਰਸੀਐਮਪੀ ਲੋਕਾਂ ਨੂੰ ਚਿਤਾਵਨੀ ਦੇ ਰਹੀ ਹੈ। ਪੁਲਿਸ ਨੇ ਦੱਸਿਆ ਕਿ ਘੁਟਾਲਾ ਬਸੰਤ 2022 ਵਿਚ ਸ਼ੁਰੂ ਹੋਇਆ ਜਦੋਂ ਇਕ ਔਰਤ ਨੂੰ ਉਸ ਦੇ ਨਿੱਜੀ ਕਾਰੋਬਾਰ ਦੇ ਪਿਛੋਕੜ ਦੀ ਜਾਣਕਾਰੀ ਨਾਲ ਮੈਂਡਰਿਨ ਵਿਚ ਕਿਸੇ ਵਿਅਕਤੀ ਦਾ ਟੈਕਸਟ ਸੁਨੇਹਾ ਮਿਲਿਆ। ਕਈ ਮਹੀਨਿਆਂ ਦੀ ਗੱਲਬਾਤ ਪਿੱਛੋਂ ਘੁਟਾਲੇਬਾਜ਼ ਨੇ ਫੋਨ ਕਾਲਾਂ, ਟੈਕਸਟ ਸੁਨੇਹਿਆਂ ਅਤੇ ਈਮੇਲਜ਼ ਨਾਲ ਸਬੰਧ ਕਾਇਮ ਕਰ ਲਏ। ਔਰਤ ਦਾ ਵਿਸ਼ਵਾਸ਼ ਜਿੱਤਣ ਪਿੱਛੋਂ ਘੁਟਾਲੇਬਾਜ਼ ਨੇ ਉਸ ਨੂੰ ਆਨਲਾਈਨ ਟਰੇਡਿੰਗ ਐਪ ਰਾਹੀਂ ਕ੍ਰਿਪਟੋਕਰੰਸੀ ਵੈਲਟ ਵਿਚ ਲੱਖਾਂ ਡਾਲਰ ਨਿਵੇਸ਼ ਕਰਨ ਲਈ ਰਾਜ਼ੀ ਕਰ ਲਿਆ। ਪੁਲਿਸ ਨੂੰ ਸ਼ੱਕ ਹੈ ਕਿ ਐਪ ਜਾਅਲੀ ਸੀ ਅਤੇ ਉਸ ਨੂੰ ਇਕ ਉਚਿੱਤ ਵਪਾਰਕ ਪਲੇਟਫਾਰਮ ਵਜੋਂ ਦਿਖਾਉਣ ਲਈ ਤਿਆਰ ਕੀਤਾ ਗਿਆ ਸੀ। ਔਰਤ ਨੂੰ ਧੋਖਾਧੜੀ ਦਾ ਉਸ ਸਮੇਂ ਪਤਾ ਲੱਗਾ ਜਦੋਂ ਬਾਅਦ ਵਿਚ ਉਸ ਨੇ ਪੈਸੇ ਕਢਵਾਉਣ ਦੀ ਕੋਸ਼ਿਸ ਕੀਤੀ ਪਰ ਕਢਵਾ ਨਾ ਸਕੀ। ਜਿਸ ਵਿਅਕਤੀ ਨਾਲ ਉਹ ਗੱਲ ਕਰਦੀ ਹੁੰਦੀ ਸੀ ਉਹ ਗਾਇਬ ਹੋ ਗਿਆ। ਜਦੋਂ ਕਿਸੇ ਨੇ ਵੱਖਰੇ ਨਾਂਅ ਤਹਿਤ ਉਸ ਨਾਲ ਸੰਪਰਕ ਕਰਕੇ ਕਿਹਾ ਕਿ ਉਹ ਉਸ ਦੇ ਪੈਸੇ ਵਾਪਸ ਦਿਵਾ ਸਕਦਾ ਹੈ ਤਾਂ ਔਰਤ ਨੇ ਸੋਚਿਆ ਕਿ ਸਮੱਸਿਆ ਹੱਲ ਹੋ ਗਈ। ਉਸ ਨੇ ਹੋਰ ਪੈਸੇ ਨਿਵੇਸ਼ ਕਰ ਦਿੱਤੇ ਅਤੇ ਫਿਰ ਘੁਟਾਲਾ ਹੋ ਗਿਆ। ਦਸੰਬਰ ਵਿਚ ਉਸ ਨੇ ਪੁਲਿਸ ਕੋਲ ਇਸ ਬਾਰੇ ਸ਼ਿਕਾਇਤ ਕੀਤੀ। ਆਰਸੀਐਮਪੀ ਨੇ ਦੱਸਿਆ ਕਿ ਘੁਟਾਲੇ ਦੌਰਾਨ ਉਸ 'ਤੇ ਦਬਾਅ ਬਣਾਇਆ ਗਿਆ ਤੇ ਧਮਕਾਇਆ ਗਿਆ ਸੀ। ਆਰਥਿਕ ਅਪਰਾਧ ਯੂਨਿਟ ਨਾਲ ਸਬੰਧਤ ਕਾਰਪੋਰਲ ਫਿਲਪ ਹੋ ਨੇ ਇਕ ਨਿਊਜ਼ ਰਿਲੀਜ਼ ਵਿਚ ਦੱਸਿਆ ਕਿ ਇਸ ਕਿਸਮ ਦੇ ਘੁਟਾਲਿਆਂ ਦੀ ਅਕਸਰ ਰਿਪੋਰਟ ਨਹੀਂ ਕੀਤੀ ਜਾਂਦੀ ਪਰ ਇਹ ਮਹੱਤਵਪੂਰਣ ਹੈ ਕਿ ਲੋਕ ਪੁਲਿਸ ਨੂੰ ਦੱਸਣ ਤਾਂ ਜੋ ਅਸੀਂ ਜਾਂਚ ਕਰਕੇ ਪੀੜਤਾਂ ਦੀ ਮਦਦ ਕਰ ਸਕੀਏ।

# 2023 ਦੀ ਪਹਿਲੀ ਤਿਮਾਹੀ ਵਿਚ ਕੈਨੇਡੀਅਨਾਂ ਨੇ ਕੰਸਰਵੇਟਿਵ ਪਾਰਟੀ ਨੂੰ ਦਿੱਤਾ 80 ਲੱਖ ਡਾਲਰ ਤੋਂ ਵੀ ਜ਼ਿਆਦਾ ਦਾਨ

ਓਟਵਾ-ਪਿਅਰੇ ਪੋਲੀਵਰੇ ਨੇ ਕੰਸਰਵੇਟਿਵ ਪਾਰਟੀ ਦੇ ਨੇਤਾ ਵਜੋਂ ਪਹਿਲੀ ਤਿਮਾਹੀ ਵਿਚ 45659 ਦਾਨੀਆਂ ਤੋਂ 8306535 ਡਾਲਰ ਪ੍ਰਾਪਤ ਕੀਤੇ ਹਨ। ਕੈਨੇਡੀਅਨ ਜਿਹੜੇ ਆਪਣੇ ਮਿਹਨਤ ਨਾਲ ਕਮਾਏ ਡਾਲਰ ਲੀਡਰ ਨੂੰ ਦਾਨ ਕਰ ਰਹੇ ਹਨ ਉਹ ਉਨ੍ਹਾਂ ਦੀ ਗੱਲ ਸੁਣ ਰਿਹਾ ਹੈ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਬਾਰੇ ਬੋਲ ਰਿਹਾ ਹੈ। ਕੰਸਰਵੇਟਿਵ ਪਾਰਟੀ ਨੇਤਾ ਨੇ ਪਿਅਰੇ ਪੋਲੀਵਰ ਨੇ ਕਿਹਾ ਕਿ ਜਿਥੇ ਕਿਤੇ ਵੀ ਤੁਸੀਂ ਦੇਖਦੇ ਹੋ ਕੈਨੇਡੀਅਨ ਵਧੀਆ ਜ਼ਿੰਦਗੀ ਜਿਉਣ ਲਈ ਲੜ ਰਹੇ ਹਨ। ਇਸ ਦੇਸ਼ ਵਿਚ ਸਾਡੇ ਕੋਲ ਇਕ ਪ੍ਰਬੰਧ ਹੈ ਕਿ ਜੇਕਰ ਤੁਸੀਂ ਨਿਯਮਾਂ ਦੀ ਪਾਲਣਾ ਕਰੋ, ਸਕੂਲ ਜਾਉ, ਨੌਕਰੀ ਪ੍ਰਾਪਤ ਕਰੋ ਅਤੇ ਸਖਤ ਮਿਹਨਤ ਕਰੋ ਤਾਂ ਤੁਸੀਂ ਘਰ ਖਰੀਦ ਸਕਦੇ ਹੋ, ਛੁੱਟੀਆਂ ਜਾਣ ਦਾ ਖਰਚਾ ਸਹਿਨ ਕਰ ਸਕਦੇ ਹੋ ਅਤੇ ਕਿਸੇ ਮੀਂਹ ਵਾਲੇ ਦਿਨ ਲਈ ਕਾਫੀ ਪੈਸੇ ਬਚਾਅ ਸਕਦੇ ਹੋ। ਇਹ ਪ੍ਰਬੰਧ ਟੁੱਟ ਗਿਆ ਹੈ। ਜਸਟਿਨ ਟਰੂਡੋ ਦੇ ਮਹਿੰਗਾਈ ਵਧਾਉਣ ਵਾਲੇ ਖਰਚਿਆਂ, ਲਾਪਰਵਾਹੀ ਨਾਲ ਲਾਏ ਟੈਕਸ ਅਤੇ ਖਰਚ ਨੀਤੀਆਂ ਨੇ ਇਸ ਦੇਸ਼ ਅਤੇ ਕੈਨੇਡੀਅਨ ਲੋਕਾਂ ਨੂੰ ਤੋੜ ਦਿੱਤਾ ਹੈ।









# ਸੁਖਬੀਰ ਸਿੰਘ ਬਾਦਲ ਨੇ ਬਾਦਲ ਪਰਿਵਾਰ ਦੀਆਂ ਗਲਤੀਆਂ ਲਈ ਕੀਤੀ ਖਿਮਾ ਜਾਚਨਾ

*(ਸਫ਼ਾ 3 ਦੀ ਬਾਕੀ)*

ਇੱਛਾ ਸੀ ਕਿ ਬੰਦੀ ਸਿੰਘਾਂ ਦੀ ਰਿਹਾਈ ਤੁਰੰਤ ਹੋਵੇ। ਹੁਣ ਕੇਂਦਰ ਸਰਕਾਰ ਵੱਲੋਂ ਇਸ ਮੰਗ ਨੂੰ ਪੂਰਾ ਕਰਨਾ ਚਾਹੀਦਾ ਹੈ। ਸੀਪੀਆਈ (ਐੱਮ) ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਅਤੇ ਕੇਂਦਰੀ ਕਮੇਟੀ ਦਾ ਸੁਨੇਹਾ ਲੈ ਕੇ ਪੁੱਜੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਇੱਕ ਯੂਨੀਵਰਸਿਟੀ ਦਸਦਿਆਂ ਕਿਹਾ ਕਿ ਸ੍ਰੀ ਬਾਦਲ ਦੀ ਨਿਮਰਤਾ ਤੇ ਸੰਜਮ ਤੋਂ ਨਵੀਂ ਪੀੜ੍ਹੀ ਨੂੰ ਸਿੱਖਣ ਦੀ ਜ਼ਰੂਰਤ ਹੈ। ਉਨ੍ਹਾਂ ਅਕਾਲੀ ਦਲ ਤੇ ਸੀਪੀਆਈ (ਐੱਮ) ਦੀ ਪੁਰਾਣੀ ਸਾਂਝ ਚੇਤੇ ਕਰਦੇ ਕਿਹਾ ਕਿ ਅਜੋਕੇ ਦੌਰ 'ਚ ਦੇਸ਼ ਵਿੱਚ ਸਿਰਜੇ ਜਾ ਰਹੇ ਪੰਜਾਬੀ ਵਿਰੋਧੀ ਬਿਰਤਾਂਤ 'ਤੇ ਗੰਭੀਰਤਾ ਨਾਲ ਗੌਰ ਕਰਨ ਦੀ ਲੋੜ ਹੈ। ਰਾਜਸਥਾਨ ਦੇ ਉਪ ਮੁੱਖ ਮੰਤਰੀ ਸਚਿਨ ਪਾਇਲਟ ਨੇ ਕਿਹਾ ਕਿ ਸ੍ਰੀ ਬਾਦਲ ਦੀ ਸ਼ਖਸੀਅਤ ਬੜੀ ਵੱਡੀ ਸੀ, ਜਿਹੜੇ 70 ਸਾਲ ਦੇ ਰਾਜਨੀਤਿਕ ਜੀਵਨ 'ਚ ਆਪਣੇ ਸਿਧਾਂਤਾਂ ਅਤੇ ਵਿਚਾਰਧਾਰਾ 'ਤੇ ਅਡਿੱਗ ਰਹੇ। ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਮਾਸਟਰ ਤਾਰਾ ਸਿੰਘ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਦੀ ਸੁਚੱਜੀ ਸੇਵਾ ਕੀਤੀ। ਕਾਮਰੇਡ ਹਰਦੇਵ ਅਰਸ਼ੀ ਨੇ ਵੱਡੇ ਬਾਦਲ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸੁਖਬੀਰ ਬਾਦਲ ਨੂੰ ਮਰਹੂਮ ਬਾਦਲ ਦੇ ਚਾਰ ਵੱਡੇ ਗੁਣ ਧਾਰਨ ਕਰਨ ਦੀ ਅਪੀਲ ਕੀਤੀ। ਪਰਿਵਾਰਕ ਰਸਮਾਂ ਤਹਿਤ ਸੁਖਬੀਰ ਬਾਦਲ ਨੂੰ ਉਨ੍ਹਾਂ ਦੇ ਸਹੁਰਾ ਸੱਤਿਆਜੀਤ ਸਿੰਘ ਮਜੀਠੀਆ ਨੇ ਦਸਤਾਰ ਭੇਟ ਕੀਤੀ। ਸ੍ਰੀ ਅਕਾਲ ਤਖ਼ਤ ਅਤੇ ਹੋਰਨਾਂ ਧਾਰਮਿਕ ਹਸਤੀਆਂ ਨੇ ਸੁਖਬੀਰ ਬਾਦਲ ਨੂੰ ਦਸਤਾਰਾਂ ਅਤੇ ਸਿਰੋਪਾਓ ਭੇਟ ਕੀਤੇ। ਜਲੰਧਰ ਜ਼ਿਮਨੀ ਚੋਣ 'ਚ ਅਕਾਲੀ-ਬਸਪਾ ਗੱਠਜੋੜ ਦੇ ਉਮੀਦਵਾਰ ਸੁਖਵਿੰਦਰ ਸੁੱਖੀ ਸ਼ਰਧਾਂਜਲੀ ਦੇਣ ਪੁੱਜੇ ਹੋਏ ਸਨ। ਇਸ ਮੌਕੇ ਅਸਮ ਗਣ ਪਰਿਸ਼ਦ ਦੇ ਪ੍ਰਧਾਨ ਅਤੁਲ ਵੋਹਰਾ, ਬਸਪਾ ਦੇ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਨੇ ਸੰਬੋਧਨ ਕੀਤਾ। ਸਟੇਜ ਸੰਚਾਲਨ ਡਾ. ਦਲਜੀਤ ਚੀਮਾ ਨੇ ਕੀਤਾ। ਇਸ ਮੌਕੇ ਬਾਦਲ ਪਰਿਵਾਰ ਤੋਂ ?ਇਲਾਵਾ ਰਾਧਾ ਸੁਆਮੀ ਡੇਰਾ ਦੇ ਮੁਖੀ ਬਾਬਾ ਗੁਰਿੰਦਰ ਸਿੰਘ, ਨਰੇਸ਼ ਗੁਜਰਾਲ, ਸੰਸਦ ਮੈਂਬਰ ਵਰਿੰਦਰ ਵੈਸ਼ਯ, ਬਿਕਰਮਜੀਤ ਮਜੀਠੀਆ, ਮਨਪ੍ਰੀਤ ਸਿੰਘ ਇਯਾਲੀ, ਜਗਮੀਤ ਸਿੰਘ ਬਰਾੜ, ਅਵਤਾਰ ਸਿੰਘ ਕਰੀਮਪੁਰੀ, ਐੱਸਜੀਪੀਸੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ, ਗੁਲਜ਼ਾਰ ਸਿੰਘ ਰਣੀਕੇ, ਜਨਮੇਜਾ ਸਿੰਘ ਸੇਖੋਂ ਮੌਜੂਦ ਸਨ।

## ਰਾਜਾਂ ਦੀ ਮਜ਼ਬੂਤੀ ਨਾਲ ਕੇਂਦਰ ਮਜ਼ਬੂਤ ਹੋਇਆ-ਗਿਆਨੀ ਹਰਪ੍ਰੀਤ ਸਿੰਘ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ. ਬਾਦਲ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਉਨ੍ਹਾਂ ਹਮੇਸ਼ਾ ਸਮਾਜ, ਲੁਕਾਈ, ਮਨੁੱਖਤਾ ਤੇ

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)
ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।
ਹੱਸਦੇ ਰਹੋ ਹਸਾਉਂਦੇ ਰਹੋ
A History of the Sikhs — Khushwant Singh
The Sikhs in Canada — Gurcharan Singh
ਧੁੱਪਾਂ-ਛਾਵਾਂ — ਨਰਿੰਦਰ ਸਿੰਘ ਕਪੂਰ
ਅਣਗਾਹੇ ਰਾਹ
ਖਿੱਦੋ
604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com





ਨੂੰ ਜ਼ਿੰਦਾ ਰੱਖਣ ਦਾ ਨਾਂਅ ਹੈ। ਸ. ਬਾਦਲ ਹਿਦੂ, ਸਿੱਖ, ਮੁਸਲਿਮ ਤੇ ਇਸਾਈ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਸਨ। ਉਨ੍ਹਾਂ ਕਿਹਾ ਕਿ ਮੇਰੇ ਤਾਇਆ ਜੀ ਸ. ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਪਿਤਾ ਗੁਰਦਾਸ ਸਿੰਘ ਬਾਦਲ ਵਿਚ ਐਨਾ ਪਿਆਰ ਸੀ ਕਿ ਲੋਕ ਉਨ੍ਹਾਂ ਨੂੰ ਰਾਮ-ਲਛਮਣ ਦੀ ਜੋੜੀ ਕਹਿੰਦੇ ਸਨ। ਉਹ ਆਪਣੇ ਵੱਡੇ ਭਰਾ ਸੁਖਬੀਰ ਸਿੰਘ ਬਾਦਲ ਨੂੰ ਕਹਿੰਦੇ ਹਨ ਕਿ ਉਹ ਆਪਣੇ ਪਿਤਾ ਸ. ਪ੍ਰਕਾਸ਼ ਸਿੰਘ ਬਾਦਲ ਦੇ ਨਕਸ਼ੇ ਕਦਮਾਂ 'ਤੇ ਚੱਲਦੇ ਹੋਏ ਉਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ।



## ਸੁਖਬੀਰ ਸਿੰਘ ਬਾਦਲ ਨੇ ਪੰਥ ਤੋਂ ਮੁਆਫ਼ੀ ਮੰਗ ਕੇ ਪੰਥ ਦੀ ਸਰਬਉੱਚਤਾ ਦਾ ਦਿੱਤਾ ਸੁਨੇਹਾ

ਸ਼ਰਧਾਂਜਲੀ ਸਮਾਗਮ ਦੇ ਅੰਤ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਸੁਖਬੀਰ ਸਿੰਘ ਬਾਦਲ ਨੇ ਪਹੁੰਚੀ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਹਾਂਪੁਰਸ਼ਾਂ ਨੇ ਹਮੇਸ਼ਾ ਮੇਰੇ ਪਿਤਾ ਸ: ਪ੍ਰਕਾਸ਼ ਸਿੰਘ ਬਾਦਲ ਦੇ ਸਿਰ ਉੱਤੇ ਹੱਥ ਰੱਖਿਆ, ਜਿਸ ਸਦਕਾ ਉਨ੍ਹਾਂ ਐਨਾ ਵੱਡਾ ਮੁਕਾਮ ਹਾਸਿਲ ਕੀਤਾ। ਉਨ੍ਹਾਂ ਦੱਸਿਆ ਕਿ ਸ: ਬਾਦਲ ਦੇ ਵਿਛੋੜੇ ਤੋਂ ਲੈ ਕੇ ਭੋਗ ਤੱਕ ਦੇਸ਼ ਵਿਦੇਸ਼ ਤੋਂ ਜੋ ਸ਼ੋਕ ਸੁਨੇਹੇ ਉਨ੍ਹਾਂ ਨੂੰ ਮਿਲੇ, ਉਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਉਨ੍ਹਾਂ ਦੇ ਪਿਤਾ ਕਿੰਨੇ ਹਰਮਨਪਿਆਰੇ ਸਨ। ਉਨ੍ਹਾਂ ਕਿਹਾ ਕਿ ਸ: ਬਾਦਲ ਦੀ ਸੈਕੂਲਰ ਸੋਚ ਸੀ ਅਤੇ ਉਹ ਹਮੇਸ਼ਾ ਹੀ ਸਰਬੱਤ ਦੇ ਭਲੇ ਦੀ ਕਾਮਨਾ ਕਰਦੇ ਸਨ। ਸ. ਬਾਦਲ ਸਿੱਖ ਧਰਮ ਵਿਚ ਪ੍ਰਪੱਕ ਸਨ, ਪਰ ਦੂਜੇ ਧਰਮਾਂ ਦਾ ਉਹ ਪੂਰਨ ਸਤਿਕਾਰ ਕਰਦੇ ਸਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਖ਼ਾਲਸਾ ਪੰਥ ਦੀ ਨੁਮਾਇੰਦਾ ਜਥੇਬੰਦੀ ਹੈ ਅਤੇ ਇਸ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਸ. ਬਾਦਲ ਨੇ ਹਮੇਸ਼ਾ ਕਿਸਾਨਾਂ, ਮਜ਼ਦੂਰਾਂ ਅਤੇ ਗ਼ਰੀਬਾਂ ਦੀ ਭਲਾਈ ਬਾਰੇ ਸੋਚਿਆ। ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਪਿਛਲੇ ਸਮਿਆਂ ਦਰਮਿਆਨ ਜੇਕਰ ਮੇਰੇ ਪਿਤਾ ਜਾਂ ਮੇਰੇ ਤੋਂ ਜਾਣੇ-ਅਣਜਾਣੇ ਵਿਚ ਕੋਈ ਗ਼ਲਤੀਆਂ ਹੋਈਆਂ ਹੋਣ, ਤਾਂ ਮੈਂ ਹੱਥ ਜੋੜ ਕੇ ਸਮੂਹ ਸੰਗਤ ਅਤੇ ਮਹਾਂਪੁਰਸ਼ਾਂ ਤੋਂ ਮੁਆਫ਼ੀ ਮੰਗਦਾ ਹਾਂ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਆਪਣੇ ਪਿਤਾ ਦੇ ਨਕਸ਼ੇ ਕਦਮਾਂ 'ਤੇ ਚੱਲਣ ਦਾ ਯਤਨ ਕਰਨਗੇ।

## ਸੁਖਬੀਰ ਸ: ਬਾਦਲ ਦੇ ਸੁਪਨਿਆਂ ਨੂੰ ਪੂਰਾ ਕਰਨ-ਮਨਪ੍ਰੀਤ ਸਿੰਘ ਬਾਦਲ

ਮਨਪ੍ਰੀਤ ਸਿੰਘ ਬਾਦਲ ਨੇ ਸ: ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾਂਜਲੀ ਦਿੰਦਿਆਂ ਆਖਿਆ ਕਿ ਸ. ਬਾਦਲ ਇਨਸਾਨੀਅਤ ਮਾਨਵਤਾ ਦੀ ਭਲਾਈ ਲਈ ਕੰਮ ਕੀਤਾ। ਸ. ਬਾਦਲ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਕਰਦੇ ਸਨ। ਜੇਕਰ ਰਾਜ ਮਜ਼ਬੂਤ ਹੋਣਗੇ, ਤਾਂ ਦੇਸ਼ ਫ਼ਿਰ ਹੀ ਮਜ਼ਬੂਤ ਹੋਵੇਗਾ। ਉਨ੍ਹਾਂ ਕਿਹਾ ਕਿ ਜੇਕਰ ਵੱਧ ਅਧਿਕਾਰਾਂ ਦੀ ਕੋਈ ਗੱਲ ਕਰਦਾ ਹੈ, ਤਾਂ ਇਸ ਨੂੰ ਵੱਖਵਾਦ ਨਾਲ ਜੋੜ ਕੇ ਨਾਂਪੱਖੀ ਮਾਹੌਲ ਸਿਰਜ ਦਿੱਤਾ ਜਾਂਦਾ ਹੈ, ਜੋ ਕਿ ਖ਼ਤਰਨਾਕ ਰੁਝਾਨ ਹੈ ਤੇ ਕੇਂਦਰ ਸਰਕਾਰ ਦਾ ਦਖ਼ਲ ਭਾਰਤ ਨੂੰ ਕਮਜ਼ੋਰ ਕਰੇਗਾ। ਉਨ੍ਹਾਂ ਕਿਹਾ ਕਿ ਸ. ਬਾਦਲ ਲੋਕ ਚੇਤਿਆਂ ਵਿਚ ਸਦਾ ਯਾਦ ਰਹਿਣਗੇ। ਉਨ੍ਹਾਂ ਕਿਹਾ ਕਿ ਸ. ਬਾਦਲ ਦੀ ਸੋਚ ਰਾਜਾਂ ਨੂੰ ਵੱਧ ਅਧਿਕਾਰ 'ਤੇ ਡੱਟ ਕੇ ਪਹਿਰਾ ਦੇਣ ਦੀ ਰਹੀ ਹੈ। ਉਨ੍ਹਾਂ ਕਿਹਾ ਕਿ ਖੇਤਰੀ ਪਾਰਟੀਆਂ ਨੂੰ ਇਸ ਸਮੇਂ ਮਜ਼ਬੂਤ ਕਰਨ ਦੀ ਲੋੜ ਹੈ, ਕਿਉਂਕਿ ਖੇਤਰੀ ਪਾਰਟੀਆਂ ਹੀ ਲੋਕਾਂ ਲਈ ਕੰਮ ਕਰ ਸਕਦੀਆਂ ਹਨ ਤੇ ਪੰਜਾਬ ਦੇ ਹੱਕਾਂ ਤੇ ਹਿਤਾਂ ਦੀ ਗੱਲ ਕਰ ਸਕਦੀਆਂ ਹਨ।



## ਬਾਦਲ ਸਾਹਿਬ ਦੇ ਜੀਵਨ ਤੋਂ ਪ੍ਰੇਰਨਾ ਲੈਣਾ ਸਮੇਂ ਦੀ ਲੋੜ-ਅਮਿਤ ਸ਼ਾਹ

ਸ਼ਰਧਾਂਜਲੀ ਸਮਾਗਮ ਮੌਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ: ਬਾਦਲ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਜਾਣ ਨਾਲ ਜੋ ਖ਼ਲਾਅ ਪੈਦਾ ਹੋਇਆ ਹੈ, ਉਸ ਦੀ ਪੂਰਤੀ ਲੰਮੇ ਸਮੇਂ ਤੱਕ ਨਹੀਂ ਹੋ ਸਕਦੀ ਕਿਉਂਕਿ ਉਹ ਅਜਿਹੇ ਨੇਤਾ ਸਨ, ਜਿਨ੍ਹਾਂ ਨੇ ਸਭ ਧਰਮਾਂ ਦਾ ਸਤਿਕਾਰ ਕੀਤਾ। ਉਨ੍ਹਾਂ ਦੇ ਚਲੇ ਜਾਣ ਨਾਲ ਸਿੱਖ ਪੰਥ ਨੇ ਇਕ ਸੱਚਾ ਸਿਪਾਹੀ, ਦੇਸ਼ ਭਗਤ ਅਤੇ ਕਿਸਾਨਾਂ ਨੇ ਸੱਚਾ ਹਮਦਰਦ ਗੁਆ ਲਿਆ। ਉਹ ਦੇਸ਼ ਦੇ ਪਹਿਲੇ ਆਗੂ ਸਨ, ਜਿਨ੍ਹਾਂ ਨੇ ਆਪਣਾ 70 ਸਾਲ ਦੇ ਰਾਜਨੀਤਕ ਜੀਵਨ ਵਿਚ ਉਨ੍ਹਾਂ ਦਾ ਕੋਈ ਦੁਸ਼ਮਣ ਨਜ਼ਰ ਨਹੀਂ ਆਉਂਦਾ। ਉਨ੍ਹਾਂ ਹਮੇਸ਼ਾ ਮੈਨੂੰ ਵੀ ਅੱਗੇ ਵਧਣ ਲਈ ਸਹੀ ਰਸਤਾ ਦਿਖਾਇਆ। ਉਨ੍ਹਾਂ ਹਮੇਸ਼ਾ ਚੰਗੀ ਤੇ ਉਹੀ ਸਲਾਹ ਦਿੱਤੀ ਜੋ ਮੇਰੇ ਜੀਵਨ ਲਈ ਸਹੀ ਹੁੰਦੀ ਸੀ। ਉਹ ਸਭ ਤੋਂ ਵੱਧ ਸਮਾਂ ਵਿਧਾਇਕ ਰਹੇ ਅਤੇ ਸਭ ਤੋਂ ਵੱਧ 5 ਵਾਰ ਮੁੱਖ ਮੰਤਰੀ ਬਣਨ ਦਾ ਸੁਭਾਗ ਪ੍ਰਾਪਤ ਕੀਤਾ। ਉਨ੍ਹਾਂ ਨੇ ਨਵੇਂ ਪੰਜਾਬ ਦੀ ਨੀਂਹ ਰੱਖੀ। ਸ. ਬਾਦਲ ਹਰ ਧਰਮ ਦਾ ਸਤਿਕਾਰ ਕਰਦੇ ਸਨ। ਉਨ੍ਹਾਂ ਦੇ ਸਪੁੱਤਰ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ ਸ: ਬਾਦਲ ਨੇ ਪਿੰਡ ਵਿਚ ਮਸਜਿਦ, ਮੰਦਰ ਅਤੇ ਗੁਰਦੁਆਰਾ ਸਾਹਿਬ ਬਣਵਾਏ। ਉਨ੍ਹਾਂ ਨੇ ਦੇਸ਼ ਦੀ ਏਕਤਾ, ਅੰਖਡਤਾ ਤੇ ਲੋਕਤੰਤਰ ਦੀ ਰਾਖੀ ਲਈ ਐਮਰਜੈਂਸੀ ਦੌਰਾਨ ਕਈ ਸਾਲ ਜੇਲ੍ਹ ਵਿਚ ਬਿਤਾਏ। ਉਨ੍ਹਾਂ ਅੱਤਵਾਦ ਦੌਰਾਨ ਵੀ ਦੇਸ਼ ਲਈ ਢਾਲ ਬਣ ਕੇ ਕੰਮ ਕੀਤਾ। ਉਨ੍ਹਾਂ ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਉਹ ਸ: ਬਾਦਲ ਦੇ ਦਿਖਾਏ ਮਾਰਗ 'ਤੇ ਚੱਲਣ।


# ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL 604-716-2135

MORTGAGES 1st, 2nd or Private
BHAJAN ATWAL 604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426









# ਪ੍ਰੈੱਸ ਆਜ਼ਾਦੀ ਦਿਵਸ ਮੌਕੇ ਸਰੀ ਵਿਚ ਭਾਰਤੀ ਵੀਜ਼ਾ ਦਫ਼ਤਰ ਦੇ ਬਾਹਰ ਰੋਸ ਪ੍ਰਦਰਸ਼ਨ

ਸਰੀ (ਸੰਦੀਪ ਸਿੰਘ ਧੰਜੂ)-ਪੱਤਰਕਾਰ ਆਜ਼ਾਦੀ ਦਿਹਾੜੇ 'ਤੇ ਸਰੀ ਵਿਚ ਭਾਰਤੀ ਵੀਜ਼ਾ ਸੇਵਾ ਦਫਤਰ ਬਾਹਰ 'ਰੈਡੀਕਲ ਦੇਸੀ' ਗਰੁੱਪ ਵੱਲੋਂ ਰੋਸ ਮੁਜ਼ਾਹਰਾ ਹੋਇਆ, ਜਿਸ ਦੌਰਾਨ ਭਾਰਤ ਵਿਚ ਪ੍ਰੈੱਸ ਦੀ ਆਜ਼ਾਦੀ ਦੇ ਹੋ ਰਹੇ ਘਾਣ 'ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। ਰੈਲੀ ਦੇ ਮੁੱਖ ਪ੍ਰਬੰਧਕ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਅਜੋਕੇ ਸਮੇਂ ਬੋਲਣ ਦੀ ਆਜ਼ਾਦੀ 'ਤੇ ਪੈ ਰਹੇ ਡਾਕੇ ਬਾਰੇ ਬੋਲਦਿਆਂ, ਪੰਜਾਬ ਅੰਦਰ ਨੌਜਵਾਨਾਂ 'ਤੇ ਕਾਲੇ ਕਨੂੰਨ ਦਰਜ ਕਰਨ, ਭਾਰਤ ਅੰਦਰ ਬੁੱਧੀਜੀਵੀਆਂ ਤੇ ਹੋ ਰਹੇ ਹਮਲਿਆਂ ਸਮੇਤ, ਪੱਤਰਕਾਰਾਂ ਦੇ ਹੱਕਾਂ ਦੇ ਉਪਰ ਹੋ ਰਹੇ ਹਮਲਿਆਂ ਬਾਰੇ ਵਿਚਾਰ ਪ੍ਰਗਟ ਕੀਤੇ। ਉਘੇ ਕਵੀ ਅੰਮ੍ਰਿਤ ਦੀਵਾਨਾ ਨੇ ਗੌਰੀ ਲੰਕੇਸ਼ ਪੱਤਰਕਾਰ ਦੇ ਕਤਲ ਬਾਰੇ ਕਵਿਤਾ ਸਾਂਝੀ ਕੀਤੀ ਅਤੇ ਮੌਜੂਦਾ ਭਾਰਤੀ ਸਰਕਾਰ ਵੱਲੋਂ ਪੱਤਰਕਾਰਾਂ ਦੀ ਖੋਹੀ ਜਾ ਰਹੀ ਆਜ਼ਾਦੀ ਬਾਰੇ ਕਾਵਿ ਸਤਰਾਂ ਦੀ ਸਾਂਝ ਪਾਈ। ਸਿੱਖ ਚਿੰਤਕ ਪ੍ਰੋ ਬਲਜਿੰਦਰ ਸਿੰਘ ਨੇ ਸਪਸ਼ਟ ਰੂਪ ਵਿੱਚ ਕਿਹਾ ਕਿ ਭਾਰਤ ਵਿੱਚ ਪੱਤਰਕਾਰਾਂ ਦੀ ਆਜ਼ਾਦੀ ਨਾਂ ਦੀ ਕੋਈ ਚੀਜ਼ ਨਹੀਂ, ਜਿਸ ਬਾਰੇ ਕਿਸੇ ਨੂੰ ਵੀ ਭੁਲੇਖਾ ਨਹੀਂ ਰਹਿ ਗਿਆ। ਇਸ ਕਰਕੇ ਸਾਨੂੰ ਮਿਲ ਕੇ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਬੀ ਸੀ ਫੈਡਰੇਸ਼ਨ ਕਿਰਤੀਆਂ ਦੀ ਸੰਸਥਾਂ ਵੱਲੋਂ ਹਰਮਿੰਦਰ ਕੈਲੀ ਨੇ ਕਿਹਾ ਕਿ ਜਿੱਥੇ ਭਾਰਤ ਅੰਦਰ ਅਤੇ ਪੰਜਾਬ ਅੰਦਰ ਵਿਸ਼ੇਸ਼ ਕਰਕੇ ਬੋਲਣ ਦੀ ਆਜ਼ਾਦੀ 'ਤੇ ਗੰਭੀਰ ਹਮਲੇ ਹੋ ਰਹੇ ਹਨ ਉਥੇ ਕੈਨੇਡਾ ਵਰਗੇ ਦੇਸ਼ਾਂ ਵਿੱਚ ਵੀ ਪੱਤਰਕਾਰਾਂ ਦੀ ਆਜ਼ਾਦੀ ਦੇ ਮਾਮਲੇ ਵਿੱਚ ਮੁਕੰਮਲ ਸੁਹਿਰਦਤਾ ਨਹੀਂ ਅਤੇ ਬਹੁਤ ਕੁਝ ਕਰਨ ਦੀ ਲੋੜ ਹੈ। ਸਿੱਖ ਵਿਚਾਰ ਮੰਚ ਦੇ ਬੁਲਾਰੇ ਕੇਸਰ ਸਿੰਘ ਕੂਨਰ ਨੇ ਵੀ ਭਾਰਤ ਅੰਦਰ ਪੱਤਰਕਾਰੀ ਦੇ ਡਿਗ ਰਹੇ ਗਰਾਫ਼ ਲਈ ਭਾਰਤੀ ਸਰਕਾਰ ਨੂੰ ਜਿੰਮੇਵਾਰ ਠਹਿਰਾਇਆ। ਅੰਬੇਡਕਰਵਾਦੀ ਸੰਸਥਾ 'ਇਸਰੋ' ਦੇ ਬੁਲਾਰੇ ਰਾਜਪਾਲ ਭਾਰਦਵਾਜ ਨੇ ਕਿਹਾ ਕਿ



ਭਾਰਤ ਤੋਂ ਇਲਾਵਾ ਕੈਨੇਡਾ ਵਿੱਚ ਵੀ ਭਾਰਤੀ ਮੀਡੀਆ ਸਰਕਾਰੀ ਬੋਲੀ ਬੋਲਦਾ ਹੈ ਅਤੇ ਅਸਲ ਤੱਥ ਛੁਪਾ ਲਏ ਜਾਂਦੇ ਹਨ ਜੋ ਬੜੀ ਮੰਦਭਾਗੀ ਗੱਲ ਹੈ। ਇਸ ਰੋਸ ਪ੍ਰਦਰਸ਼ਨ ਵਿਚ ਸਥਾਨਕ ਪੱਤਰਕਾਰ, ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਅਤੇ ਸਿੱਖ ਸੰਸਥਾਵਾ ਦੇ ਸੇਵਾਦਾਰ ਵੀ ਸ਼ਾਮਲ ਹੋਏ। ਪ੍ਰੋਗਰਾਮ ਦੇ ਅਖੀਰ ਵਿੱਚ ਗੁਰਪ੍ਰੀਤ ਸਿੰਘ ਵੱਲੋਂ ਪੱਤਰਕਾਰਾਂ ਦੀ ਆਜ਼ਾਦੀ ਦੇ ਹੱਕ ਵਿਚ, ਫਾਸ਼ੀਵਾਦ ਭਾਰਤੀ ਸਰਕਾਰ ਦੇ ਵਿਰੁੱਧ, ਨੌਜਵਾਨਾਂ ਉੱਪਰ ਕੀਤੇ ਜਾ ਰਹੇ ਤਸ਼ੱਦਦ ਦੇ ਖਿਲਾਫ ਅਤੇ ਗੌਰੀ ਲੰਕੇਸ਼ ਦੇ ਕਾਤਲਾਂ ਲਈ ਸਜ਼ਾਵਾਂ ਦੀ ਮੰਗ ਨੂੰ ਲੈ ਕੇ ਨਾਅਰੇ ਬੁਲੰਦ ਕੀਤੇ ਗਏ।

# ਪਿੰਡ ਚੱਕਰ ਨਿਵਾਸੀਆਂ ਵੱਲੋਂ ਸਾਲਾਨਾ ਇਕੱਤਰਤਾ ਮਿਲਣੀ 14 ਮਈ ਐਤਵਾਰ ਨੂੰ

## ਪਿੰਡ ਨਾਲ ਸੰਬੰਧਿਤਾਂ ਨੂੰ ਦਿੱਤਾ ਪੁਰ-ਜ਼ੋਰ ਸ਼ਬਦਾਂ ਨਾਲ ਸੱਦਾ

ਐਬਟਸਫੋਰਡ (ਬਰਾੜ-ਭਗਤਾ ਭਾਈ ਕਾ)-ਜਨਮ ਭੂਮੀ ਛੱਡ ਕੇ ਕਰਮ ਭੂਮੀ 'ਤੇ ਆ ਕੇ ਵਸੇ ਪੰਜਾਬ ਦੇ ਜਨਮਿਆਂ ਨੇ ਕੈਨੇਡਾ 'ਚ ਪਹੁੰਚ ਕੇ ਕੰਮਾਂਕਾਰਾਂ 'ਚੋਂ ਇੱਕ ਦਿਨ ਵਿਹਲੇ ਹੋ ਕੇ ਜ਼ਿਲ੍ਹੇਵਾਰ, ਇਲਾਕੇ ਮੁਤਾਬਿਕ, ਵਿੱਦਿਅਕ ਸੰਸਥਾਵਾਂ ਅਤੇ ਪਿੰਡਵਾਰ ਆਪਸੀ ਭਾਈਚਾਰਕ ਸਾਂਝ ਨੂੰ ਉਸੇ ਤਰਾਂ ਹੀ ਨਿਭਾਉਣ ਲਈ ਕਦਮ ਵਧਾਏ ਹਨ ਜਿਵੇਂ ਉਹ ਆਪਣੀ ਜਨਮ ਭੂਮੀ 'ਤੇ ਰਹਿ ਕੇ ਵਿਆਹ ਸ਼ਾਦੀਆਂ ਅਤੇ ਹੋਰ ਖ਼ੁਸ਼ੀ ਦੇ ਪ੍ਰੋਗਰਾਮਾਂ 'ਚ ਇਕੱਠੇ ਹੋ ਕੇ ਸ਼ਰੀਕਾ ਕਬੀਲਾ ਪਾਲਦੇ ਹਨ। ਇਸੇ ਤਰਾਂ ਹੀ ਲੁਧਿਆਣਾ ਜ਼ਿਲ੍ਹਾ ਦੇ ਚਰਚਿਤ ਪਿੰਡ ਚਕਰ ਨਿਵਾਸੀਆਂ ਵੱਲੋਂ ਹਰ ਸਾਲ ਦੀ ਤਰਾਂ ਇਸ ਸਾਲ ਵੀ ਪਿੰਡ ਨਾਲ ਸੰਬੰਧਤ ਸਭਨਾਂ ਦਾ 14 ਮਈ ਦਿਨ ਐਤਵਾਰ ਨੂੰ ਮਿਲਣੀ ਪ੍ਰੋਗਰਾਮ ਲਈ ਦਿਨ ਮੁਕੱਰਰ ਕੀਤਾ ਹੈ। ਇਸ ਮਿਲਣੀ ਪ੍ਰੋਗਰਾਮ ਵਿੱਚ ਪਿੰਡ ਦੀਆਂ ਧੀਆਂ, ਜਿਹੜੀਆਂ ਕੇ ਵਿਆਹ ਪਿੱਛੋਂ ਆਪਣੇ ਸਹੁਰਾ ਪਰਿਵਾਰ 'ਚ ਰਹਿ ਰਹੀਆਂ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਪਤੀਆਂ ਸਮੇਤ ਬੱਚਿਆਂ ਨੂੰ ਨਾਲ ਲੈ ਕੇ ਆਉਣ ਦੀ ਪੁਰਜ਼ੋਰ ਸ਼ਬਦਾਂ ਨਾਲ ਸੱਦਾ ਅਪੀਲ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਸਭਨਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਸਾਰੇ, ਜਿਹੜੇ ਚਕਰ ਪਿੰਡ ਨਾਲ ਸੰਬੰਧਤ ਹਨ ਚਾਹੇ ਉਹ ਕੈਨੇਡਾ ਅਮਰੀਕਾ ਜਾਂ ਕਿਸੇ ਵੀ ਹੋਰ ਦੇਸ਼ ਵਿੱਚ ਕਿਤੇ ਵੀ ਰਹਿੰਦੇ ਹੋਏ ਜੇ ਆ ਸਕਦੇ ਹੋਣ ਤਾਂ ਆਪਣੇ ਪਿੰਡ ਚਕਰ ਵਾਸੀਆਂ ਦੀ ਮਿਲਣੀ ਵਿੱਚ ਪਹੁੰਚਣ ਲਈ ਬੇਨਤੀ ਜ਼ਰੂਰ ਪ੍ਰਵਾਨ ਕਰਨ। ਇਹ ਮਿਲਣੀ ਪ੍ਰੋਗਰਾਮ 33094 ਸਾਊਥ ਫਰੇਜ਼ਰ ਵੇਅ ਐਬਟਸਫੋਰਡ ਵਿਖੇ ਸਥਿੱਤ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੋਸਾਇਟੀ ਵਿਖੇ 14 ਮਈ ਦਿਨ ਐਤਵਾਰ ਨੂੰ ਰੱਖੀ ਹੋਈ ਹੈ ਜਿੱਥੇ ਕੁੱਲ ਲੋਕਾਈ ਦੇ ਅਮਨ ਸੁੱਖ ਸ਼ਾਂਤੀ ਲਈ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਦਾ ਭੋਗ ਪਾਏ ਜਾਣ ਉਪਰੰਤ ਅਰਦਾਸ ਕੀਤੀ ਜਾਵੇਗੀ। ਕਥਾ ਅਤੇ ਕੀਰਤਨ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸੋ ਪਿੰਡ ਚੱਕਰ ਦੇ ਸਮੂਹ ਵਾਸੀਆਂ ਵੱਲੋਂ ਸਭਨਾਂ ਨੂੰ ਬੇਨਤੀ ਹੈ ਇਸ ਸ਼ੁੱਭ ਮੌਕੇ ਜ਼ਰੂਰ ਪਹੁੰਚਣ ਦੀਆਂ ਕ੍ਰਿਪਾਲਤਾ ਕਰਨੀ। ਹੋਰ ਵਧੇਰੇ ਜਾਣਕਾਰੀ ਲਈ ਰਣਜੋਧ ਸਿੰਘ ਸਿੱਧੀ (ਯੋਧਾ ਚਕਰ) ਨਾਲ 604-825-8315 ਫ਼ੋਨ ਜ਼ਰੀਏ ਸੰਪਰਕ ਕੀਤਾ ਜਾ ਸਕਦਾ ਹੈ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

604-594-0616

# ਇਕ ਸੀ ਬਾਦਲ...

**ਸੁਖਵਿੰਦਰ ਸਿੰਘ ਚੋਹਲਾ**

ਨਿੱਕੇ ਹੁੰਦੇ ਕਹਾਣੀ ਸੁਣਦੇ-ਇਕ ਸੀ ਰਾਜਾ। ਇਹ ਕਹਾਣੀ ਸੁਣਾਉਣ ਵਾਲੇ ਦਾ ਮਨ ਹੁੰਦਾ ਕਿ ਉਹ ਬੱਚਿਆਂ ਨੂੰ ਕਿਸ ਰਾਜੇ ਦੀ ਕਹਾਣੀ ਸੁਣਾਏ। ਰਾਜਾ ਪਰਜਾ ਨੂੰ ਪਿਆਰ ਕਰਨ ਵਾਲਾ ਵੀ ਹੁੰਦਾ ਤੇ ਪਰਜਾ ਤੇ ਜੁਲਮ ਕਰਨ ਵਾਲਾ ਪਾਪੀ ਵੀ। ਸਮਾਂ ਬਦਲਿਆ। ਰਾਜਤੰਤਰ ਦਾ ਯੁਗ ਬਦਲਿਆ ਪਰ ਲੋਕ ਕਥਾਵਾਂ ਵਿਚਲਾ ਰਾਜਾ ਨਾ ਬਦਲਿਆ। ਜਮਹੂਰੀ ਨਿਜਾਮ ਵਿਚ ਵੋਟ ਪਰਚੀ ਰਾਹੀਂ ਸੱਤਾ ਦੀ ਕੁਰਸੀ ਸੰਭਾਲਣ ਵਾਲੇ ਵੀ ਰਾਜਿਆਂ ਵਾਂਗ ਵਿਚਰਨ ਲੱਗੇ। ਸ਼ਾਇਦ ਵਿਚਰ ਵੀ ਰਹੇ ਹਨ। ਪਰ ਅਜੋਕੀ ਵੋਟਤੰਤਰ ਪ੍ਰਣਾਲੀ 'ਚ ਅਜਿਹੇ ਗਿਣਵੇ ਚੁਣਵੇ ਆਗੂ ਹਨ ਜੋ ਰਾਜਿਆਂ ਵਾਂਗ ਵਿਚਰੇ ਹਨ ਤੇ ਜੀਵੇ ਵੀ ਰਾਜਿਆਂ ਵਾਂਗ। ਇਹਨਾਂ ਆਗੂਆਂ 'ਚੋਂ ਹੀ ਇਕ ਸਨ ਪੰਜਾਬ ਦੀ ਸਿਆਸਤ 'ਤੇ ਅੱਧੀ ਸਦੀ ਤੋਂ ਵੱਧ ਸਮਾਂ ਆਪਣੀ ਮਜ਼ਬੂਤ ਪਕੜ ਬਣਾਈ ਰੱਖਣ ਵਾਲੇ ਆਗੂ ਪ੍ਰਕਾਸ਼ ਸਿੰਘ ਬਾਦਲ। ਬਾਦਲ ਜੋ ਪੰਜਾਬ ਦੀਆਂ ਤਿੰਨ ਪੀੜੀਆਂ ਤੱਕ ਇਕ ਮੁਹਰਲੇ ਆਗੂ, ਮੁੱਖ ਮੰਤਰੀ ਬਾਦਲ ਤੇ ਬਾਬਾ ਬਾਦਲ ਵਾਲੀ ਪਛਾਣ ਨੂੰ ਲੋਕ ਚੇਤਿਆਂ 'ਚ ਪੱਕਾ ਕਰਦਿਆ ਤੁਰ ਗਿਆ। ਕੋਈ ਉਸ ਨੂੰ ਪ੍ਰਕਾਸ਼ ਕਹੇ, ਕੋਈ ਹਨੇਰਾ ਜਾਂ ਜੋ ਵੀ ਮੰਦਾ ਬੋਲ ਬੋਲੇ ਪਰ ਪੰਜਾਬੀ ਮਨੋ ਚੇਤਿਆਂ ਵਿਚ ਉਹ ਇੰਜ ਵੀ ਯਾਦ ਰਹੇਗਾ - ਇਕ ਸੀ ਬਾਦਲ।

ਦੇਸ਼ ਦੇ ਸਭ ਤੋਂ ਬਜ਼ੁਰਗ ਸਿਆਸਤਦਾਨ ਤੇ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹਿਣ ਵਾਲੇ ਤੇ ਸ਼੍ਰੋਮਣੀ ਅਕਾਲੀ ਦਲ ਦੀ ਲੰਬਾ ਸਮਾਂ ਅਗਵਾਈ ਕਰਨ ਵਾਲੇ ਆਗੂ ਸ: ਪ੍ਰਕਾਸ਼ ਸਿੰਘ ਬਾਦਲ 95 ਸਾਲ ਦੀ ਲੰਬੀ ਉਮਰ ਭੋਗ ਇਸ ਜਹਾਨ ਤੋਂ ਰੁਖਸਤ ਹੋ ਗਏ ਹਨ। ਲਗਪਗ ਅੱਧੀ ਸਦੀ ਪੰਜਾਬ ਦੇ ਸਿਆਸੀ ਮੰਚ ਉਪਰ ਆਪਣੀਆਂ ਅਲਗ ਚਰਿਤਰ ਵਿਸ਼ੇਸ਼ਤਾਈਆਂ ਨਾਲ ਨਿਵੇਕਲੀ ਪਹਿਚਾਣ 'ਤੇ ਆਭਾ ਸਥਾਪਿਤ ਕਰਦਿਆਂ ਤਾ ਉਮਰ ਸਿਆਸੀ ਪਟਕਥਾ ਨੂੰ ਆਪਣੇ ਦੁਆਲੇ ਉਸਾਰਨ ਤੇ ਨਿਭਾਉਣ ਵਾਲੇ ਵੱਡੇ ਕਲਾਕਾਰ-ਆਗੂ ਸਨ ਉਹ। ਪੰਜਾਬ ਦੇ ਇਕ ਨਿੱਕੇ ਜਿਹੇ ਪਿੰਡ ਬਾਦਲ ਵਿਚ ਜਨਮ ਲੈ ਕੇ ਉਸ ਪਿੰਡ ਨੂੰ ਆਪਣੀ ਪਹਿਚਾਣ ਜਿੱਡੀ ਹੀ ਵੱਡੀ ਪਛਾਣ ਦੇਣ ਦੇ ਨਾਲ ਇਕ ਆਮ ਵਿਅਕਤੀ ਤੋਂ ਪਿੰਡ ਦੀ ਮਿੱਟੀ ਨਾਲ ਮੋਹ ਪਾਲਦਿਆਂ ਤੇ ਉਸਨੂੰ ਨਿਭਾਉਂਦਿਆਂ ਖਾਸ ਹੋ ਜਾਣ ਦੀ ਕਹਾਣੀ ਨੂੰ ਦੰਦਕਥਾ ਵਾਂਗ ਜਿਉਣ ਵਾਲੇ ਨਿਵੇਕਲੇ ਪਾਤਰ ਸਨ ਉਹ। ਉਹਨਾਂ ਪਿੰਡ ਦੀ ਸਰਪੰਚੀ ਤੋਂ ਆਪਣੇ ਸਿਆਸੀ ਕੈਰੀਅਰ ਦੀ ਸ਼ੁਰੂਆਤ ਕਰਦਿਆਂ ਛੋਟੀ ਜਿਹੀ ਚੇਅਰਮੈਨੀ ਤੋਂ ਵਿਧਾਇਕ, ਮੰਤਰੀ, ਕੇਂਦਰੀ ਮੰਤਰੀ, ਮੁੱਖ ਮੰਤਰੀ, ਪਾਰਟੀ ਪ੍ਰਧਾਨ ਤੇ ਪਾਰਟੀ ਸਰਪ੍ਰਸਤ ਤੱਕ ਸਾਰੀ ਉਮਰ ਰਾਜ ਭਾਗ ਭੋਗਿਆ ਤੇ ਆਪਣੀ ਇੱਛਾ ਮੁਤਾਬਿਕ ਚਲਾਇਆ ਤੇ ਇਸ ਦੌਰਾਨ ਆਪਣੇ ਵਿਰੋਧੀਆਂ ਨੂੰ ਖੰਗਣ ਤੱਕ ਨਾ ਦਿੱਤਾ। ਸਾਬਿਤ ਕੀਤਾ ਕਿ ਸਿੱਖ ਰਾਜਨੀਤੀ ਵਿਚ ਉਸ ਦੇ ਬਰਾਬਰ ਦਾ ਕੋਈ ਨਹੀਂ। ਉਸ ਦੇ ਸ਼ਰੀਕ, ਵਿਰੋਧੀ, ਆਲੋਚਕ ਉਸ ਦੇ ਕੰਮ ਕਰਨ ਦੇ ਢੰਗ ਤਰੀਕਿਆਂ ਤੇ ਸਿਆਸੀ ਚਾਲਾਂ ਦੀ ਵਿਰੋਧਤਾ ਤਾਂ ਕਰਦੇ ਰਹੇ ਪਰ ਨਾ ਉਨਾਂ ਨੂੰ ਮਾਤ ਦੇ ਸਕੇ ਤੇ ਨਾਹੀ ਬਰਾਬਰ ਖੜ ਸਕੇ। ਉਸ ਦੀ ਸਿਆਸੀ ਸਮਝ, ਸਿਆਣਪ ਤੇ ਸਹਿਣਸ਼ੀਲਤਾ ਦੀਆਂ ਮਿਸਾਲਾਂ ਲੋਕ ਕਹਾਣੀਆਂ ਬਣਗਈਆਂ।

ਉਸ ਉਪਰ ਕੁਦਰਤ ਇੰਨੀ ਮੇਹਰਬਾਨ ਰਹੀ ਕਿ ਸਿਆਸੀ ਉਤਰਾ ਚੜਾਅ ਤੇ ਕੁਝ ਕੁ ਤਕਲੀਫਾਂ ਦੇ ਬਾਵਜੂਦ ਉਹ ਲੋਕ ਆਗੂ ਤੇ ਰਾਜਿਆਂ ਵਾਂਗ ਜੀਵਿਆ ਤੇ ਆਖਰੀ ਉਮਰ ਤੱਕ ਸਿਹਤਮੰਦ ਰਿਹਾ। ਉਸ ਦੀ ਅੰਤਿਮ ਵਿਦਾਇਗੀ ਮੌਕੇ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਤੋਂ ਇਲਾਵਾ ਹਜ਼ਾਰਾਂ ਲੋਕਾਂ ਦਾ ਪੁੱਜਣਾ ਤੇ ਸੇਜਲ ਅੱਖਾਂ ਨਾਲ ਯਾਦ ਕਰਨਾ, ਜੀਵਨ ਦੀ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ। ਉਹਨਾਂ ਦੇ ਵਿਰੋਧੀ ਜਾਂ ਸੋਸ਼ਲ ਮੀਡੀਆ ਉਪਰ ਟਿੱਪਣੀਆਂ ਪਾਉਣ ਵਾਲੇ ਜੋ ਮਰਜੀ ਕਹਿਣ ਪਰ ਇਸ ਤੱਥ ਤੋਂ ਮੁਨਕਰ ਹੋਣਾ ਮੁਸ਼ਕਲ ਹੈ ਕਿ ਉਹ ਪੰਜਾਬ ਦੀ ਰਾਜਨੀਤੀ ਦਾ ਸ਼ਾਹ ਸਵਾਰ ਸੀ। ਕਿਹਾ ਜਾਂਦਾ ਹੈ ਕਿ ਬਾਦਲ ਅਜਿਹਾ ਸਿਆਸਤਦਾਨ ਸੀ ਜਿਸਨੇ ਪੰਜਾਬ ਦੇ ਸਭ ਵਰਗਾਂ ਵਿਚਾਲੇ ਇੱਕ ਪੁਲ ਦਾ ਕੰਮ ਕੀਤਾ ਤੇ ਭਾਈਚਾਰਕ ਸਾਂਝਾਂ ਨੂੰ ਮਜਬੂਤ ਕੀਤਾ। ਕੱਟੜਵਾਦੀ ਸਿੱਖਾਂ ਦੀ ਵਿਰੋਧਤਾ ਦੇ ਬਾਵਜੂਦ ਹਿੰਦੂ-ਸਿੱਖ ਸਾਂਝ ਨੂੰ ਮਜਬੂਤ ਕਰਦਿਆਂ ਹਿੰਦੂਵਾਦੀ ਪਾਰਟੀ ਭਾਜਪਾ ਨਾਲ ਸਿਆਸੀ ਸਬੰਧਾਂ ਨੂੰ ਨੂੰਹ ਮਾਸ ਦਾ ਰਿਸ਼ਤਾ ਦੱਸਿਆ। ਅਕਾਲੀ ਕੱਛ ਉਪਰ ਜਨਸੰਘੀ ਨਿੱਕਰਾਂ ਪਾਉਣ ਦੀਆਂ ਊਜਾਂ ਵੀ ਝੱਲੀਆਂ ਪਰ ਪੰਜਾਬੀਅਤ ਦੇ ਨਾਮ ਹੇਠ ਆਪਣੀਆਂ ਤਰਜੀਹਾਂ ਤੋਂ ਟਾਲਾ ਨਾ ਵੱਟਿਆ।

ਉਨ੍ਹਾਂ ਪੰਥਕ ਸਿਆਸਤ ਨੂੰ ਪੰਜਾਬੀਅਤ ਤੇ ਉਦਾਰਵਾਦੀ ਸਿਆਸਤ ਨਾਲ ਜੋੜਨ ਦਾ ਯਤਨ ਕੀਤਾ। ਸ਼ਾਇਦ ਉਹਨਾਂ ਦੀ ਇਹ ਪਹੁੰਚ ਕੱਟੜਵਾਦੀਆਂ ਨੂੰ ਕਦੇ ਨਹੀਂ ਭਾਹੀ ਤੇ ਉਹ ਉਸਨੂੰ ਸਿੱਖੀ ਦਾ ਦੁਸ਼ਮਣ ਨੰਬਰ ਇਕ ਗਰਦਾਨਦੇ ਰਹੇ।

ਇਹ ਵੀ ਜ਼ਰੂਰੀ ਨਹੀਂ ਕਿ ਉਹਨਾਂ ਦੇ ਸਿਆਸੀ ਜੀਵਨ ਨੂੰ ਕਾਰੋਬਾਰੀ ਜਾਂ ਅਲੋਚਨਾ-ਨਿੰਦਾ ਪੱਖ ਤੋਂ ਹੀ ਵਾਚਿਆ ਜਾਵੇ। ਹਿੰਦੂ-ਸਿੱਖ ਭਾਈਚਾਰਕ ਸਾਂਝ ਦੇ ਮੁਦਈ ਲੋਕਾਂ 'ਚੋਂ ਇਕ ਵੱਡਾ ਵੋਟ ਬੈਂਕ ਅਜਿਹਾ ਵੀ ਹੈ ਜਿਹਨਾਂ ਦੇ ਮਨਾਂ 'ਚ ਉਹਨਾਂ ਲਈ ਵਿਸ਼ੇਸ਼ ਥਾਂ ਵੀ ਮਹਿਫੂਜ ਰਹੀ ਹੈ। ਉਹ ਨਿੰਦਾ ਪੱਖ ਨੂੰ ਤਜਦਿਆਂ ਉਹਨਾਂ ਦੇ ਪੰਜਾਬ ਦੇ ਹਿੱਤਾਂ ਲਈ ਕੰਮ ਕਰਨ ਤੇ ਇਕ ਕੌਮੀ ਆਗੂ ਦੇ ਸਨਮਾਨ ਵਾਲੀ ਛਵੀ ਨੂੰ ਵੀ ਮਾਣ ਦਿੰਦੇ ਰਹੇ ਹਨ। ਪੇਂਡੂ ਕਿਸਾਨੀ ਦੇ ਇਕ ਕੋਨੇ ਵਿਚ ਉਹਨਾਂ ਦੀ ਅਜਿਹੀ ਛਵੀ ਹੀ ਸ਼ਾਇਦ ਉਸਨੂੰ ਚੋਣਾਂ 'ਚ ਲਗਾਤਾਰ ਜੇਤੂ ਮੰਚ ਪ੍ਰਦਾਨ ਕਰਦੀ ਰਹੀ ਹੈ। ਉਹਨਾਂ ਆਪਣੇ ਸਿਆਸੀ ਜੀਵਨ ਵਿਚ ਅਨੇਕਾਂ ਗਲਤੀਆਂ ਕੀਤੀਆਂ ਹੋ ਸਕਦੀਆਂ ਹਨ ਪਰ ਉਸਦੀ ਕਿਸਾਨ ਹਿੱਤੂ ਤੇ ਸਿੱਖ ਆਗੂ ਦੀ ਪਹਿਚਾਣ ਨੂੰ ਮਨਫੀ ਕਰਨਾ ਔਖਾ ਹੈ। ਪਿਛਲੀ ਉਮਰੇ ਪੁੱਤਰ ਮੋਹ ਵਿਚ ਕੀਤੀਆਂ ਗਲਤੀਆਂ ਤੇ ਉਸਦਾ ਖਮਿਆਜਾ ਭੁਗਤਣ ਦਾ ਸ਼ਾਇਦ ਉਹਨਾਂ ਨੂੰ ਅਹਿਸਾਸ ਵੀ ਸੀ ਤੇ ਇਸੇ ਲਈ ਉਹ ਬੇਅਦਬੀਆਂ ਦੇ ਮੁੱਦੇ ਉਪਰ ਸਿੱਖ ਸੰਗਤ ਤੋਂ ਮੁਆਫੀਆਂ ਵੀ ਮੰਗਦੇ ਰਹੇ। ਪਰ ਇਕ ਵੱਡਾ ਸੱਚ ਇਹ ਵੀ ਕਿ ਉਹ ਪੰਜਾਬ ਦੇ ਇਕ ਅਜਿਹੇ ਸਿਆਸਤਦਾਨ ਸਨ ਜਿਸਨੇ ਸਿਆਸਤ ਨੂੰ ਕਾਰੋਬਾਰ ਵਾਂਗ ਸਮਝਿਆ, ਚਲਾਇਆ ਤੇ ਆਪਣੇ ਇਸ ਕਾਰੋਬਾਰ ਵਿਚ ਘਾਟਾ ਨਹੀਂ ਖਾਧਾ। ਇਤਿਹਾਸ ਗਵਾਹ ਹੈ ਕਿ ਵਕਤ ਦੇ ਕਿਸੇ ਵੀ ਧਰਮੀ ਕਹਾਉਣ ਵਾਲੇ ਸ਼ਹਿਨਸ਼ਾਹ ਦਾ ਕਦੇ ਧਰਮ ਨਾਲ ਵਾਸਤਾ ਨਹੀਂ ਰਿਹਾ। ਵਾਸਤਾ ਕੇਵਲ ਧਰਮ ਦੀ ਵਰਤੋਂ ਵਜੋਂ ਆਪਣੇ ਤਖਤੇ ਤਾਊਸ ਦੀ ਮਜਬੂਤੀ ਤੱਕ ਹੁੰਦਾ ਹੈ। ਅਜੋਕੇ ਜਮਹੂਰੀ ਇਤਿਹਾਸ ਵਿਚ ਵੀ ਲੋਕਾਂ ਦੀਆਂ ਵੋਟਾਂ ਨਾਲ ਸੱਤਾ ਦੀ ਕੁਰਸੀ ਤੱਕ ਪੁੱਜਣ ਤੇ ਰਾਜਿਆਂ ਵਾਂਗ ਜਿੰਦਗੀ ਜਿਉਣ ਵਾਲੇ ਆਗੂਆਂ ਦਾ ਵੀ ਧਰਮ ਨਾਲ ਕੋਈ ਵਾਹ ਵਾਸਤਾ ਨਹੀਂ ਹੁੰਦਾ। ਜੇ ਲੋਕ ਉਹਨਾਂ ਨੂੰ ਕੌਮ ਦੇ ਆਗੂ ਜਾਂ ਧਰਮ ਦੇ ਰਹਿਬਰ ਬਣਾ ਦੇਣ ਜਾਂ ਅਜਿਹੇ ਆਗੂ ਵਜੋਂ ਵੇਖਣ ਜਾਂ ਸੋਚਣ ਤਾਂ ਇਸ ਵਿਚ ਕਸੂਰਵਾਰ ਕੌਣ?



ਉਸ ਦੀ ਅੰਤਿਮ ਵਿਦਾਇਗੀ ਮੌਕੇ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਤੋਂ ਇਲਾਵਾ ਹਜ਼ਾਰਾਂ ਲੋਕਾਂ ਦਾ ਪੁੱਜਣਾ ਤੇ ਸੇਜਲ ਅੱਖਾਂ ਨਾਲ ਯਾਦ ਕਰਨਾ, ਜੀਵਨ ਦੀ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ। ਉਹਨਾਂ ਦੇ ਵਿਰੋਧੀ ਜਾਂ ਸੋਸ਼ਲ ਮੀਡੀਆ ਉਪਰ ਟਿੱਪਣੀਆਂ ਪਾਉਣ ਵਾਲੇ ਜੋ ਮਰਜੀ ਕਹਿਣ ਪਰ ਇਸ ਤੱਥ ਤੋਂ ਮੁਨਕਰ ਹੋਣਾ ਮੁਸ਼ਕਲ ਹੈ ਕਿ ਉਹ ਪੰਜਾਬ ਦੀ ਰਾਜਨੀਤੀ ਦਾ ਸ਼ਾਹ ਸਵਾਰ ਸੀ। ਕਿਹਾ ਜਾਂਦਾ ਹੈ ਕਿ ਬਾਦਲ ਅਜਿਹਾ ਸਿਆਸਤਦਾਨ ਸੀ ਜਿਸਨੇ ਪੰਜਾਬ ਦੇ ਸਭ ਵਰਗਾਂ ਵਿਚਾਲੇ ਇੱਕ ਪੁਲ ਦਾ ਕੰਮ ਕੀਤਾ ਤੇ ਭਾਈਚਾਰਕ ਸਾਂਝਾਂ ਨੂੰ ਮਜਬੂਤ ਕੀਤਾ। ਕੱਟੜਵਾਦੀ ਸਿੱਖਾਂ ਦੀ ਵਿਰੋਧਤਾ ਦੇ ਬਾਵਜੂਦ ਹਿੰਦੂ-ਸਿੱਖ ਸਾਂਝ ਨੂੰ ਮਜਬੂਤ ਕਰਦਿਆਂ ਹਿੰਦੂਵਾਦੀ ਪਾਰਟੀ ਭਾਜਪਾ ਨਾਲ ਸਿਆਸੀ ਸਬੰਧਾਂ ਨੂੰ ਨੂੰਹ ਮਾਸ ਦਾ ਰਿਸ਼ਤਾ ਦੱਸਿਆ।





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

- Criminal Law
- Divorce Cases
- Immigration Law
- Notary Services

*Your Lawyers, Because We Care*

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਕੈਨੇਡਾ 'ਚ ਚੱਲ ਰਹੀ ਫੈਡਰਲ ਕਰਮਚਾਰੀਆਂ ਦੀ ਰਾਸ਼ਟਰੀ ਹੜਤਾਲ ਖ਼ਤਮ




ਸਰੀ (ਹਰਦਮ ਮਾਨ)-ਕੈਨੇਡਾ ਵਿਚ 19 ਅਪ੍ਰੈਲ ਤੋਂ ਚੱਲ ਰਹੀ ਖਜ਼ਾਨਾ ਬੋਰਡ ਦੇ ਕਰਮਚਾਰੀਆਂ ਦੀ ਰਾਸ਼ਟਰੀ ਹੜਤਾਲ ਖਤਮ ਹੋ ਗਈ ਹੈ, ਪਰ ਕੈਨੇਡਾ ਰੈਵੇਨਿਊ ਏਜੰਸੀ ਦੇ 35,000 ਕਰਮਚਾਰੀ ਅਜੇ ਵੀ ਹੜਤਾਲ 'ਤੇ ਹਨ ਅਤੇ ਉਨ੍ਹਾਂ ਨਾਲ ਸੰਬੰਧਤ ਮੁੱਦਿਆਂ ਉੱਪਰ ਗੱਲਬਾਤ ਜਾਰੀ ਹੈ। ਇਹ ਜਾਣਕਾਰੀ ਦਿੰਦਿਆਂ ਖਜ਼ਾਨਾ ਬੋਰਡ ਦੇ ਪ੍ਰਧਾਨ ਮੋਨਾ ਫੋਰਟੀਅਰ ਨੇ ਸੋਮਵਾਰ ਨੂੰ ਇਕ ਬਿਆਨ ਵਿਚ ਕਿਹਾ ਹੈ ਕਿ ਪਬਲਿਕ ਸਰਵਿਸ ਅਲਾਇੰਸ ਆਫ ਕੈਨੇਡਾ (ਪੀਐਸਏਸੀ) ਦੇ 120,000 ਤੋਂ ਵੱਧ ਫੈਡਰਲ ਕਰਮਚਾਰੀਆਂ ਅਤੇ ਖਜ਼ਾਨਾ ਬੋਰਡ ਵਿਚਕਾਰ ਇੱਕ ਅਸਥਾਈ ਸਮਝੌਤਾ ਹੋ ਗਿਆ ਹੈ ਅਤੇ ਇਹ ਕਾਮੇ ਸੋਮਵਾਰ ਤੋਂ ਆਪਣੀ ਡਿਊਟੀ ਤੇ ਆ ਗਏ ਹਨ। ਉਨ੍ਹਾਂ ਕਿਹਾ ਕਿ ਕਰਮਚਾਰੀਆਂ ਲਈ ਇਹ ਨਿਰਪੱਖ, ਪ੍ਰਤੀਯੋਗੀ ਸਮਝੌਤਾ ਹੋਇਆ ਹੈ ਜੋ ਕੈਨੇਡਾ ਦੇ ਟੈਕਸਦਾਤਿਆਂ ਲਈ ਵਾਜਬ ਹੈ।

# ਸਿਟੀ ਸਕੂਲ ਫੈਸਿਲਟੀ ਢਾਂਚਾ ਸੰਕਟ ਦੀ ਸਥਿਤੀ 'ਚ-ਕੌਂਸਲਰ ਹੈਰੀ ਬੈਂਸ



ਸਰੀ-ਸਰੀ ਸਿਟੀ ਦੇ ਇਕ ਕੌਂਸਲਰ ਚਾਹੁੰਦੇ ਹਨ ਕਿ ਕੌਂਸਲ ਸਿਟੀ ਸਕੂਲ ਦਾ ਫੈਸਿਲਟੀ ਬੁਨਿਆਦੀ ਢਾਂਚੇ ਨੂੰ ਸੰਕਟ ਵਾਲੀ ਸਥਿਤੀ ਵਿਚ ਹੋਣ ਦਾ ਐਲਾਨ ਕਰੇ ਜਿਸ ਦਾ ਸਿੱਖਿਆ ਦੇਣ 'ਤੇ ਪ੍ਰਭਾਵ ਪੈ ਰਿਹਾ ਹੈ ਜਿਸ ਦੀ ਸਾਡੇ ਬੱਚਿਆਂ ਨੂੰ ਲੋੜ ਹੈ ਅਤੇ ਜਿਸ ਦਾ ਉਹ ਹੱਕ ਰੱਖਦੇ ਹਨ। ਕੌਂਸਲਰ ਹੈਰੀ ਬੈਂਸ ਨੇ ਸੋਮਵਾਰ ਦੀ ਰਾਤ ਨੂੰ ਕੌਂਸਲ ਦੀ ਮੀਟਿੰਗ ਵਿਚ ਮਤੇ ਦਾ ਨੋਟਿਸ ਪੇਸ਼ ਕੀਤਾ। ਉਨ੍ਹਾਂ ਕੌਂਸਲ ਨੂੰ ਕਿਹਾ ਕਿ ਇਹ ਕੌਂਸਲ ਇਸ ਸੰਕਟ ਦੀ ਸਥਿਤੀ ਦੇ ਤੁਰੰਤ ਹੱਲ ਲਈ ਸਿਟੀ, ਸਕੂਲ ਡਿਸਟ੍ਰਿਕਟ, ਹਾਊਸਿੰਗ ਮੰਤਰੀ ਅਤੇ ਸਿੱਖਿਆ ਮੰਤਰੀ ਦੀ ਤੁਰੰਤ ਮੀਟਿੰਗ ਕਰਨ ਲਈ ਕੌਂਸਲ ਦੇ ਸਟਾਫ ਨੂੰ ਹਦਾਇਤ ਕਰੇ। ਸਰੀ ਗਰੀਨ ਟਿੰਬਰਸ ਐਮਐਲਏ ਰਚਨਾ ਸਿੰਘ ਬੀਸੀ ਦੀ ਸਿੱਖਿਆ ਮੰਤਰੀ ਅਤੇ ਬਾਲ ਦੇਖਭਾਲ ਤੇ ਡੈਲਟਾ ਨੌਰਥ ਤੋਂ ਐਮਐਲਏ ਰਵੀ ਕਾਹਲੋਂ ਹਾਊਸਿੰਗ ਮੰਤਰੀ ਹਨ। ਬੈਂਸ ਨੇ ਕਿਹਾ ਕਿ ਸਰੀ ਦੀ ਆਬਾਦੀ ਬੀਸੀ ਦੇ ਕਿਸੇ ਵੀ ਦੂਸਰੇ ਸ਼ਹਿਰ ਨਾਲੋਂ ਤੇਜ਼ੀ ਨਾਲ ਵਧ ਰਹੀ ਹੈ ਅਤੇ ਸਕਾਈ ਟਰੇਨ ਕੋਰੀਡੋਰ ਤੇ ਫਰੇਜ਼ਰ ਹਾਈਵੇਅ ਦੇ ਨਾਲ ਨਾਲ ਆਬਾਦੀ ਦੇ ਮਹੱਤਵਪੂਰਣ ਵਾਧੇ ਦੀ ਆਸ ਕੀਤੀ ਜਾ ਰਹੀ ਹੈ। ਪੂਰੇ ਬੀਸੀ ਖ਼ਾਸਕਰ ਸਰੀ ਵਰਗੇ ਸ਼ਹਿਰੀ ਸੈਂਟਰਾਂ ਵਿਚ ਮਕਾਨਾਂ ਦੀ ਕਮੀ ਸੰਕਟ ਵਾਲੇ ਪੱਧਰ 'ਤੇ ਪਹੁੰਚ ਗਈ ਹੈ ਜਿਹੜਾ ਸੂਬੇ ਵਿਚ ਸਭ ਤੋਂ ਵੱਡਾ ਸਕੂਲ ਡਿਸਟ੍ਰਿਕਟ ਹੈ ਜਿਥੇ 78000 ਤੋਂ ਵੀ ਜ਼ਿਆਦਾ ਵਿਦਿਆਰਥੀ ਸਿੱਖਿਆ ਲੈ ਰਹੇ ਹਨ।

# ਗੁਜਰਾਤ ਹਾਈਕੋਰਟ ਵਲੋਂ ਰਾਹੁਲ ਗਾਂਧੀ ਨੂੰ ਅੰਤਰਿਮ ਰਾਹਤ ਦੇਣ ਤੋਂ ਇਨਕਾਰ

ਅਹਿਮਦਾਬਾਦ-ਗੁਜਰਾਤ ਹਾਈ ਕੋਰਟ ਨੇ 'ਮੋਦੀ ਉਪਨਾਮ' ਬਾਰੇ ਟਿੱਪਣੀ ਨਾਲ ਜੁੜੇ ਫੌਜਦਾਰੀ ਮਾਣਹਾਨੀ ਕੇਸ ਵਿੱਚ ਸਜ਼ਾ 'ਤੇ ਰੋਕ ਬਾਰੇ ਰਾਹੁਲ ਗਾਂਧੀ ਦੀ ਪਟੀਸ਼ਨ 'ਤੇ ਕਾਂਗਰਸ ਆਗੂ ਨੂੰ ਕੋਈ ਅੰਤਰਿਮ ਰਾਹਤ ਦੇਣ ਤੋਂ ਨਾਂਹ ਕਰ ਦਿੱਤੀ ਹੈ। ਕੋਰਟ ਨੇ ਕਿਹਾ ਕਿ ਉਹ ਇਸ ਮਾਮਲੇ ਵਿੱਚ ਅੰਤਿਮ ਹੁਕਮ ਗਰਮੀ ਦੀਆਂ ਛੁੱਟੀਆਂ ਮਗਰੋਂ ਸੁਣਾਏਗੀ। ਇਸ ਤੋਂ ਪਹਿਲਾਂ ਗਾਂਧੀ ਵੱਲੋਂ ਪੇਸ਼ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਮੁੱਕਣ ਮਗਰੋਂ 'ਸਿਰੇ ਦੀ ਲੋੜ' ਦੇ ਹਵਾਲੇ ਨਾਲ ਕੋਰਟ ਨੂੰ ਅਪੀਲ ਕੀਤੀ ਕਿ ਉਸ ਵੱਲੋਂ ਅੰਤਰਿਮ ਹੁਕਮ ਜਾਂ ਅੰਤਿਮ ਫੈਸਲਾ ਸੁਣਾਇਆ ਜਾਵੇ। ਹਾਲਾਂਕਿ ਜਸਟਿਸ ਹੇਮੰਤ ਪ੍ਰਾਛਕ ਦੀ ਕੋਰਟ ਨੇ ਸਾਫ਼ ਕਰ ਦਿੱਤਾ ਕਿ ਇਸ ਪੜਾਅ 'ਤੇ ਕੋਈ ਅੰਤਰਿਮ ਸੁਰੱਖਿਆ ਨਹੀਂ ਦਿੱਤੀ ਜਾ ਸਕਦੀ। ਜਸਟਿਸ ਪ੍ਰਾਛਕ ਨੇ ਕਿਹਾ ਕਿ ਉਹ ਰਿਕਾਰਡ ਤੇ ਕੇਸ ਦੀ ਕਾਰਵਾਈ ਨੂੰ ਘੋਖਣ ਮਗਰੋਂ ਹੀ ਕੋਈ ਅੰਤਿਮ ਫੈਸਲਾ ਸੁਣਾਉਣਗੇ। ਉਨ੍ਹਾਂ ਕਿਹਾ ਕਿ ਗਰਮੀ ਦੀਆਂ ਛੁੱਟੀਆਂ, ਜੋ 8 ਮਈ ਤੋਂ 3 ਜੂਨ ਤੱਕ ਰਹਿਣਗੀਆਂ, ਮਗਰੋਂ ਕੋਰਟ ਖੁੱਲ੍ਹਣ 'ਤੇ ਫੈਸਲਾ ਸੁਣਾਇਆ ਜਾਵੇਗਾ। ਉਧਰ ਗੁਜਰਾਤ ਤੋਂ ਭਾਜਪਾ ਵਿਧਾਇਕ ਪੁਰਨੇਸ਼ ਮੋਦੀ, ਜੋ ਇਸ ਕੇਸ ਵਿੱਚ ਅਸਲ ਸ਼ਿਕਾਇਤਕਰਤਾ ਹਨ, ਵੱਲੋਂ ਪੇਸ਼ ਵਕੀਲ ਨਿਰੁਪਮ ਨਾਨਾਵਤੀ ਨੇ ਵੀ ਅੰਤਰਿਮ ਰਾਹਤ ਸਬੰਧੀ ਸਿੰਘਵੀ ਦੀ ਅਪੀਲ ਦਾ ਵਿਰੋਧ ਕੀਤਾ। ਸੂਰਤ ਦੀ ਟਰਾਇਲ ਕੋਰਟ ਨੇ 23 ਮਾਰਚ ਨੂੰ ਰਾਹੁਲ ਨੂੰ ਫੌਜਦਾਰੀ ਮਾਣਹਾਨੀ ਕੇਸ ਵਿੱਚ ਦੋਸ਼ੀ ਠਹਿਰਾਉਂਦਿਆਂ ਦੋ ਸਾਲ ਦੀ ਸਜ਼ਾ ਸੁਣਾਈ ਸੀ। ਰਾਹੁਲ ਨੇ ਇਸ ਫੈਸਲੇ ਨੂੰ ਸੈਸ਼ਨਜ਼ ਕੋਰਟ ਵਿੱਚ ਚੁਣੌਤੀ ਦਿੱਤੀ। ਸੈਸ਼ਨਜ਼ ਕੋਰਟ ਨੇ ਰਾਹੁਲ ਨੂੰ ਜ਼ਮਾਨਤ ਦੇ ਦਿੱਤੀ, ਪਰ ਸਜ਼ਾ 'ਤੇ ਰੋਕ ਲਾਉਣ ਸਬੰਧੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਕੋਈ ਰਾਹਤ ਨਾ ਮਿਲੀ ਤਾਂ ਉਨ੍ਹਾਂ ਗੁਜਰਾਤ ਹਾਈ ਕੋਰਟ ਦਾ ਰੁਖ਼ ਕੀਤਾ।



# ਅਜੈ ਬੰਗਾ ਵਿਸ਼ਵ ਬੈਂਕ ਦੇ ਮੁਖੀ ਬਣੇ-ਬਾਇਡਨ ਵਲੋਂ ਵਧਾਈ

ਵਾਸ਼ਿੰਗਟਨ-ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਅਜੈ ਬੰਗਾ ਨੂੰ ਵਿਸ਼ਵ ਬੈਂਕ ਦਾ ਅਗਲਾ ਪ੍ਰਧਾਨ ਬਣਨ 'ਤੇ ਵਧਾਈ ਦਿੱਤੀ ਹੈ। ਬਾਇਡਨ ਨੇ ਇਹ ਵੀ ਕਿਹਾ ਕਿ ਉਹ ਗਰੀਬੀ ਘਟਾਉਣ ਅਤੇ ਜਲਵਾਯੂ ਸਮੇਤ ਵਿਸ਼ਵ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਵਿਸ਼ਵ ਬੈਂਕ ਨੂੰ ਅੱਗੇ ਲੈ ਕੇ ਜਾਣਗੇ। ਇਸ ਤੋਂ ਪਹਿਲਾਂ ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਵੀ ਭਾਰਤ ਵਿੱਚ ਜਨਮੇ ਅਜੈ ਬੰਗਾ ਨੂੰ ਵਿਸ਼ਵ ਬੈਂਕ ਦਾ ਪ੍ਰਧਾਨ ਚੁਣੇ ਜਾਣ 'ਤੇ ਵਧਾਈ ਦਿੱਤੀ ਸੀ।


**Injured in an accident?**

**ICBC claim?**

**We can help.**

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca


205-7134 King George Boulevard, Surrey, BC V3W 5A3





# ਕਿਲੋਨਾ ਵਿਖੇ ਗੁਰਦੁਆਰਾ ਓਕਆਗਨ ਸਿੱਖ ਟੈਂਪਲ ਵੱਲੋਂ ਵਿਸਾਖੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ

ਸਰੀ (ਹਰਦਮ ਮਾਨ)-ਬੀ.ਸੀ. ਦੇ ਸ਼ਹਿਰ ਕਿਲੋਨਾ ਵਿਖੇ ਗੁਰਦੁਆਰਾ ਓਕਆਗਨ ਸਿੱਖ ਟੈਂਪਲ ਵੱਲੋਂ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ 13ਵਾਂ ਨਗਰ ਕੀਰਤਨ ਸਜਾਇਆ ਗਿਆ। ਚਾਰ ਸਾਲਾਂ ਦੇ ਅਰਸੇ ਬਾਅਦ ਸਜੇ ਇਸ ਨਗਰ ਕੀਰਤਨ ਵਿਚ ਤਕਰੀਬਨ ਪੰਜ ਹਜਾਰ ਲੋਕ ਬੜੇ ਉਤਸ਼ਾਹ ਅਤੇ ਉਮਾਹ ਨਾਲ ਸ਼ਾਮਲ ਹੋਏ। ਨਗਰ ਕੀਤਰਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ। ਮੋਟਰ ਸਾਈਕਲ ਸਵਾਰਾਂ ਅਤੇ ਅੰਗਰੇਜ਼ੀ ਬੈਂਡ ਪਾਰਟੀ ਨਗਰ ਕੀਰਤਨ ਦੀ ਸ਼ੋਭਾ ਵਿਚ ਵਾਧਾ ਕਰ ਰਹੇ ਸਨ। ਸ਼ਰਧਾਲੂਆਂ ਵੱਲੋਂ ਆਪਣੇ ਟਰੈਕਟਰ ਸਜਾ ਕੇ ਨਗਰ ਕੀਰਤਨ ਵਿਚ ਲਿਆਂਦੇ ਗਏ। ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਇਆ ਇਹ ਨਗਰ ਕੀਰਤਨ ਲਾਗਲੀਆਂ ਗਲੀਆਂ ਵਿੱਚੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਪਹੁੰਚ ਕੇ ਸਮਾਪਤ ਹੋਇਆ। ਰਸਤੇ ਵਿਚ ਸ਼ਰਧਾਲੂਆਂ ਨੇ ਥਾਂ ਥਾਂ ਵੱਖ ਵੱਖ ਪਕਵਾਨਾਂ ਦੇ ਸਟਾਲ ਲਾ ਕੇ ਸੰਗਤਾਂ ਦੀ ਆਓ ਭਗਤ ਕੀਤੀ। ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਚ ਵੀ ਸ਼ਰਧਾਲੂਆਂ, ਕਾਰੋਬਾਰੀਆਂ, ਬੈਂਕਾਂ ਅਤੇ ਹੋਰ ਅਦਾਰਿਆਂ ਵੱਲੋਂ ਆਪੋ ਆਪਣੇ ਸਟਾਲ ਲਾਏ ਗਏ ਸਨ ਜਿਹਨਾਂ ਉਪਰ ਸ਼ਾਮ ਤੱਕ ਖੂਬ ਰੌਣਕ ਲੱਗੀ ਰਹੀ। ਇਸ ਨਗਰ ਕੀਰਤਨ ਉਪਰ ਪਹਿਲੀ ਵਾਰ ਗੁਲਾਟੀ ਪਬਲਿਸ਼ਰਜ਼ ਸਰੀ ਦੇ ਸਤੀਸ਼ ਗੁਲਾਟੀ ਵੱਲੋਂ ਵਿਸ਼ਾਲ ਪੁਸਤਕ



ਪ੍ਰਦਰਸ਼ਨੀ ਲਾਈ ਗਈ। ਇਸ ਪ੍ਰਦਰਸ਼ਨੀ ਵਿਚ ਪੁਸਤਕ ਪ੍ਰੇਮੀਆਂ ਨੇ ਵਿਸ਼ੇਸ਼ ਦਿਲਚਸਪੀ ਦਿਖਾਈ, ਕਿਤਾਬਾਂ ਨੂੰ ਚੁੰਮਿਆਂ ਅਤੇ ਆਪਣਾ ਸਾਥੀ ਬਣਾਇਆ। ਪੁਸਤਕ ਪ੍ਰਦਰਸ਼ਨੀ ਲਈ ਸ਼ਾਇਰ ਪਾਲ ਢਿੱਲੋਂ, ਸ਼ਿੰਦਾ ਢਿੱਲੋਂ, ਡਾ. ਪਰਮਜੀਤ ਸਿੰਘ ਗਿੱਲ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਪਰਮਜੀਤ ਸਿੰਘ ਪਤਾਰਾ ਅਤੇ ਸਮੁੱਚੀ ਕਮੇਟੀ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਪਰਮਜੀਤ ਸਿੰਘ ਪਤਾਰਾ ਨੇ ਨਗਰ ਕੀਰਤਨ ਵਿਚ ਸ਼ਾਮਲ ਹੋਈ ਸੰਗਤ ਅਤੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ।

OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty



"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS
plus BONUS* FREE LEGAL FEE & APPRAISAL
Superior Mortgage
Unit 244-8138-128 Street, Surrey
Our Symbol of Care & Service
604 507 1000



MORE EXPOSURE
MEANS MORE BUSINESS
NO NEED TO GO ANYWHERE
Advertise with us!
LINK
Leading Indo-Canadian Newspaper
Ph: 604.591.5160
www.thelinkpaper.ca • ads@thelinkpaper.ca

# ਹਰਿਆਣਾ ਦੇ ਮੰਤਰੀ ਸੰਦੀਪ ਸਿੰਘ ਨੇ ਪੌਲੀਗ੍ਰਾਫ ਟੈਸਟ ਕਰਾਉਣ ਤੋਂ ਨਾਂਹ ਕੀਤੀ



ਚੰਡੀਗੜ੍ਹ-ਹਰਿਆਣਾ ਦੇ ਮੰਤਰੀ ਸੰਦੀਪ ਸਿੰਘ ਨੇ ਕਥਿਤ ਛੇੜਛਾੜ ਦੇ ਕੇਸ ਵਿੱਚ ਝੂਠ ਫੜਨ ਵਾਲਾ (ਪੌਲੀਗ੍ਰਾਫ਼) ਟੈਸਟ ਲਈ ਸਹਿਮਤੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਉਸ ਵਿਰੁੱਧ ਬੀਤੇ ਸਾਲ ਕੇਸ ਦਰਜ ਕੀਤਾ ਗਿਆ ਸੀ। ਮੰਤਰੀ ਨੇ ਸਥਾਨਕ ਅਦਾਲਤ ਵਿੱਚ ਕਥਿਤ ਛੇੜਛਾੜ ਦੇ ਕੇਸ ਵਿੱਚ ਪੌਲੀਗ੍ਰਾਫ ਟੈਸਟ ਕਰਵਾਉਣ ਦੀ ਇਜਾਜ਼ਤ ਮੰਗਣ ਲਈ ਚੰਡੀਗੜ੍ਹ ਪੁਲੀਸ ਵੱਲੋਂ ਦਾਇਰ ਕੀਤੀ ਅਰਜ਼ੀ ਦਾ ਵਿਸਤ੍ਰਿਤ ਜਵਾਬ ਸੌਂਪਿਆ। ਚੰਡੀਗੜ੍ਹ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਨੇ ਅਦਾਲਤ ਨੂੰ ਕਿਹਾ ਸੀ ਕਿ ਸੱਚ ਸਾਹਮਣੇ ਲਿਆਉਣ ਲਈ ਪੌਲੀਗ੍ਰਾਫ ਟੈਸਟ ਦੀ ਲੋੜ ਹੈ। ਜੂਨੀਅਰ ਮਹਿਲਾ ਕੋਚ ਦੀ ਸ਼ਿਕਾਇਤ 'ਤੇ 31 ਦਸੰਬਰ ਨੂੰ ਮੰਤਰੀ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ। ਮਹਿਲਾ ਕੋਚ ਨੇ ਦੋਸ਼ ਲਾਇਆ ਸੀ ਕਿ ਮੰਤਰੀ ਨੇ ਪਿਛਲੇ ਸਾਲ ਚੰਡੀਗੜ੍ਹ ਦੇ ਸੈਕਟਰ 7 ਸਥਿਤ ਆਪਣੀ ਸਰਕਾਰੀ ਰਿਹਾਇਸ਼ 'ਤੇ ਉਸ ਨਾਲ ਛੇੜਛਾੜ ਕੀਤੀ ਸੀ।

# ਸੁਪਰੀਮ ਕੋਰਟ ਵਲੋਂ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜਾ ਉਮਰ ਕੈਦ ਵਿਚ ਤਬਦੀਲ ਕਰਨ ਤੋਂ ਇਨਕਾਰ



ਨਵੀਂ ਦਿੱਲੀ (ਦਿਓਲ)- ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਹੱਤਿਆ ਕਾਂਡ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਤੋਂ ਇਨਕਾਰ ਕਰ ਦਿੱਤਾ ਹੈ। ਸਿਖਰਲੀ ਕੋਰਟ ਨੇ ਕਿਹਾ ਕਿ ਰਾਜੋਆਣਾ ਦੀ ਰਹਿਮ ਦੀ ਅਪੀਲ 'ਤੇ ਸਮਰੱਥ ਅਥਾਰਿਟੀ ਫੈਸਲਾ ਕਰੇਗੀ। ਜਸਟਿਸ ਬੀ.ਆਰ.ਗਵਈ, ਜਸਟਿਸ ਵਿਕਰਮ ਨਾਥ ਤੇ ਜਸਟਿਸ ਸੰਜੇ ਕੈਰਲ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਕਿਹਾ, "ਅਸੀਂ ਫੈਸਲਾ ਕੀਤਾ ਹੈ ਕਿ ਪਟੀਸ਼ਨਕਰਤਾ ਦੀ ਰਹਿਮ ਦੀ ਅਪੀਲ 'ਤੇ ਹੇਠਾਂ ਦਿੱਤੇ ਕਾਰਨਾਂ ਕਰਕੇ ਫੈਸਲੇ ਨੂੰ ਟਾਲਣ ਦਾ ਗ੍ਰਹਿ ਮੰਤਰਾਲੇ ਦਾ ਸਟੈਂਡ ਹੀ ਸਾਡਾ ਫੈਸਲਾ ਹੈ...।" ਬੈਂਚ ਨੇ ਕਿਹਾ, "ਇਹ ਅਸਲ ਵਿੱਚ ਵਰਤਮਾਨ ਲਈ ਉਸੇ (ਮੁਆਫੀ) ਤੋਂ ਨਾਂਹ ਕਰਨ ਦੇ ਬਰਾਬਰ ਹੈ। ਇਸ ਲਈ, ਅਸੀਂ ਨਿਰਦੇਸ਼ ਦਿੱਤੇ ਹਨ ਕਿ ਸਮਰੱਥ ਅਥਾਰਿਟੀ ਜਦੋਂ ਵੀ ਜ਼ਰੂਰੀ ਸਮਝੇਗੀ, ਰਹਿਮ ਦੀ ਅਪੀਲ ਨਾਲ ਨਜਿੱਠੇਗੀ ਅਤੇ ਅਗਲਾ ਫੈਸਲਾ ਲਵੇਗੀ। ਰਿੱਟ (ਰਾਜੋਆਣਾ ਦੀ) ਪਟੀਸ਼ਨ ਦਾ ਨਿਪਟਾਰਾ ਉਸੇ ਅਨੁਸਾਰ ਕੀਤਾ ਜਾਵੇਗਾ।" ਰਾਜੋਆਣਾ ਪਿਛਲੇ 26 ਸਾਲ ਤੋਂ ਜੇਲ੍ਹ ਵਿੱਚ ਹੈ। ਚੇਤੇ ਰਹੇ ਕਿ ਸੁਪਰੀਮ ਕੋਰਟ ਨੇ ਦੋਸ਼ੀ ਵੱਲੋਂ ਪੇਸ਼ ਸੀਨੀਅਰ ਵਕੀਲ ਮੁਕੁਲ ਰੋਹਤਗੀ ਤੇ ਵਧੀਕ ਸੌਲੀਸਿਟਰ ਜਨਰਲ ਕੇ.ਐੱਮ.ਨਟਰਾਜ ਦੀਆਂ ਦਲੀਲਾਂ ਸੁਣਨ ਮਗਰੋਂ ਰਾਜੋਆਣਾ ਦੀ ਪਟੀਸ਼ਨ 'ਤੇ 2 ਮਾਰਚ ਨੂੰ ਫੈਸਲਾ ਰਾਖਵਾਂ ਰੱਖ ਲਿਆ ਸੀ।

# ਗੁਜਰਾਤ ਦੰਗਿਆਂ ਬਾਰੇ ਦਸਤਾਵੇਜ਼ੀ ਦੀ ਸ਼ਿਕਾਇਤ ਤੇ ਅਦਾਲਤ ਵਲੋਂ ਬੀਬੀਸੀ ਨੂੰ ਸੰਮਨ ਜਾਰੀ

ਨਵੀਂ ਦਿੱਲੀ (ਦਿਓਲ)-ਇਥੋਂ ਦੀ ਅਦਾਲਤ ਨੇ ਇਕ ਭਾਜਪਾ ਆਗੂ ਵੱਲੋਂ ਕੀਤੀ ਗਈ ਸ਼ਿਕਾਇਤ ਦੇ ਆਧਾਰ 'ਤੇ ਬੀਬੀਸੀ, ਵਿਕੀਪੀਡੀਆ ਅਤੇ ਇੰਟਰਨੈੱਟ ਆਰਕਾਈਵ ਨੂੰ ਸੰਮਨ ਜਾਰੀ ਕੀਤੇ ਹਨ। ਆਪਣੇ ਆਪ ਨੂੰ ਝਾਰਖੰਡ ਭਾਜਪਾ ਦੀ ਪ੍ਰਦੇਸ਼ ਕਾਰਜਕਾਰਨੀ ਕਮੇਟੀ ਦਾ ਮੈਂਬਰ ਦੱਸਣ ਵਾਲੇ ਵਿਨੈ ਕੁਮਾਰ ਨੇ ਸ਼ਿਕਾਇਤ 'ਚ ਮੰਗ ਕੀਤੀ ਹੈ ਕਿ ਤਿੰਨੋਂ ਅਦਾਰਿਆਂ ਨੂੰ 2002 ਦੇ ਗੁਜਰਾਤ ਦੰਗਿਆਂ ਬਾਰੇ ਦਸਤਾਵੇਜ਼ੀ ਜਾਂ ਆਰਐੱਸਐੱਸ ਅਤੇ ਵਿਸ਼ਵ ਹਿੰਦੂ ਪਰਿਸ਼ਦ (ਵੀਐੱਚਪੀ) ਬਾਰੇ ਕੋਈ ਭੜਕਾਊ ਸਮਗੱਰੀ ਪ੍ਰਕਾਸ਼ਿਤ ਕਰਨ ਤੋਂ ਵਰਜਿਆ ਜਾਵੇ। ਸ਼ਿਕਾਇਤਕਰਤਾ ਨੇ ਕਿਹਾ ਸੀ ਕਿ ਬੀਬੀਸੀ ਦਸਤਾਵੇਜ਼ੀ ਨੇ ਭਾਜਪਾ, ਆਰਐੱਸਐੱਸ ਅਤੇ ਵੀਐੱਚਪੀ ਵਰਗੀਆਂ ਜਥੇਬੰਦੀਆਂ ਦਾ ਅਪਮਾਨ ਕੀਤਾ ਹੈ। ਅਦਾਲਤ ਨੂੰ ਦੱਸਿਆ ਗਿਆ ਕਿ ਸਰਕਾਰ ਵੱਲੋਂ ਭਾਵੇਂ ਦਸਤਾਵੇਜ਼ੀ 'ਤੇ ਪਾਬੰਦੀ ਲਾਈ ਜਾ ਚੁੱਕੀ ਹੈ ਪਰ ਵਿਕੀਪੀਡੀਆ ਪੇਜ 'ਤੇ ਦਸਤਾਵੇਜ਼ੀ ਦੇ ਲਿੰਕ ਮੁਹੱਈਆ ਕਰਵਾਏ ਗਏ ਹਨ ਅਤੇ ਇਸ ਦੀ ਸਮੱਗਰੀ ਇੰਟਰਨੈੱਟ ਆਰਕਾਈਵ 'ਤੇ ਅਜੇ ਵੀ ਉਪਲੱਬਧ ਹੈ। ਵਧੀਕ ਜ਼ਿਲ੍ਹਾ ਜੱਜ ਰੁਚਿਕਾ ਸਿੰਗਲਾ ਨੇ ਸੰਮਨ ਜਾਰੀ ਕਰਦਿਆਂ ਮਾਮਲੇ ਦੀ ਸੁਣਵਾਈ 11 ਮਈ ਲਈ ਨਿਰਧਾਰਿਤ ਕਰ ਦਿੱਤੀ। ਸ਼ਿਕਾਇਤਕਰਤਾ ਨੇ ਮੰਗ ਕੀਤੀ ਹੈ ਕਿ ਬੀਬੀਸੀ ਤੇ ਹੋਰ ਧਿਰਾਂ ਬਿਨਾਂ ਸ਼ਰਤ ਉਸ ਤੋਂ ਅਤੇ ਆਰਐੱਸਐੱਸ ਤੇ ਵੀਐੱਚਪੀ ਤੋਂ ਮੁਆਫ਼ੀ ਮੰਗਣ। ਅਦਾਲਤ ਨੂੰ ਇਹ ਵੀ ਕਿਹਾ ਗਿਆ ਹੈ ਕਿ ਉਹ 10 ਲੱਖ ਦਾ ਜੁਰਮਾਨਾ ਵੀ ਠੋਕੇ।

# ਮਨੀਪੁਰ 'ਚ ਹਿੰਸਾ ਉਪਰੰਤ ਫਸਾਦੀਆਂ ਨੂੰ ਵੇਖਦਿਆਂ ਗੋਲੀ ਮਾਰਨ ਦੇ ਹੁਕਮ

ਇੰਫਾਲ-ਮਨੀਪੁਰ ਵਿੱਚ ਕਬਾਇਲੀਆਂ ਅਤੇ ਬਹੁਗਿਣਤੀ ਮੇਇਤੀ ਭਾਈਚਾਰੇ ਦਰਮਿਆਨ ਹਿੰਸਾ ਭੜਕਣ ਤੋਂ ਬਾਅਦ ਸਥਿਤੀ ਨੂੰ ਕਾਬੂ ਕਰਨ ਲਈ ਫੌਜ ਅਤੇ ਅਸਾਮ ਰਾਈਫਲਜ਼ ਦੀਆਂ ਕਈ ਟੁਕੜੀਆਂ ਨੂੰ ਤੁਰੰਤ ਰਾਤੋ ਰਾਤ ਤਾਇਨਾਤ ਕਰ ਦਿੱਤਾ ਗਿਆ। ਹਿੰਸਾ ਕਾਰਨ 9,000 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਟਿਕਾਣਿਆਂ 'ਤੇ ਭੇਜ ਦਿੱਤਾ ਗਿਆ ਹੈ। ਹਾਲਾਤ ਕਾਫੀ ਤਣਾਅਪੂਰਨ ਹਨ ਤੇ ਰਾਜ ਸਰਕਾਰ ਨੇ ਪ੍ਰਦਰਸ਼ਨਕਾਰੀਆਂ ਨੂੰ ਦੇਖਦਿਆਂ ਹੀ ਗੋਲੀ ਮਾਰਨ ਦੇ ਹੁਕਮ ਦੇ ਦਿੱਤੇ ਹਨ। ਫੌਜ ਦੇ ਬੁਲਾਰੇ ਨੇ ਦੱਸਿਆ ਕਿ ਨਾਗਾ ਅਤੇ ਕੁਕੀ ਆਦਿਵਾਸੀਆਂ ਵੱਲੋਂ 'ਕਬਾਇਲੀ ਏਕਤਾ ਮਾਰਚ' ਕੱਢਣ ਤੋਂ ਬਾਅਦ ਹਿੰਸਾ ਭੜਕ ਗਈ, ਜੋ ਰਾਤ ਨੂੰ ਹੋਰ ਤੇਜ਼ ਹੋ ਗਈ। ਇਸ ਦੌਰਾਨ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੂਬੇ 'ਚ ਹਿੰਸਾ 'ਤੇ ਮਨੀਪੁਰ ਦੇ ਮੁੱਖ ਮੰਤਰੀ ਐੱਨ. ਬੀਰੇਨ ਸਿੰਘ ਨਾਲ ਗੱਲ ਕੀਤੀ। ਸੂਤਰਾਂ ਮੁਤਾਬਕ ਕੇਂਦਰ ਉੱਥੇ ਦੀ ਸਥਿਤੀ 'ਤੇ ਨਜ਼ਰ ਰੱਖ ਰਿਹਾ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਸ਼ਾਂਤੀ ਦੀ ਅਪੀਲ ਕਰਦਿਆਂ ਕਿਹਾ ਕਿ ਹਿੰਸਾ ਕਿਸੇ ਗਲਤਫਹਿਮੀ ਕਾਰਨ ਹੋਈ ਹੈ।

Prism Lawyers
Reliable & Effective Legal Solutions

- Immigration Services
- Real Estate Sale, Purchase, Refinance (Residential and Commercial)
- Family Law
- Personal Injury
- Wills and Estates
- Incorporation of Business
- All Notary Services
- Sponsorship Letters
- Power of Attorney

- ਇੰਮੀਗ੍ਰੇਸ਼ਨ ਸੇਵਾਵਾਂ
- ਰਿਅਲ ਅਸਟੇਟ ਵੇਚਣਾ, ਖਰੀਦਣਾ ਜਾਂ ਰਿਫਾਇਨਾਂਸ (ਰੈਂਜ਼ੀਡੈਂਸ਼ੀਅਲ ਅਤੇ ਕਮਰਸ਼ੀਅਲ)
- ਫੈਮਿਲੀ ਲਾਅ
- ਪਰਸਨਲ ਇੰਜਰੀ
- ਵਿਲਜ਼ ਅਤੇ ਅਸਟੇਟ
- ਕਾਰੋਬਾਰਾਂ ਦੀ ਇਨਕਾਰਪੋਰੇਸ਼ਨ
- ਹਰ ਤਰ੍ਹਾਂ ਦੀਆਂ ਨੋਟਰੀ ਸੇਵਾਵਾਂ
- ਸਪਾਂਸਰਸ਼ਿਪ ਲੈਟਰਜ਼
- ਪਾਵਰ ਆਫ਼ ਅਟਾਰਨੀ





Rupinder Randhawa
Barrister and Solicitor
Prism Law Corporation
Unit 349 – 8140 128 St.
Surrey, BC V3W 1R1
T: (778) 683 2130
F: (888) 512 6566
ask@prismlawyers.com

Bank Turndown?
Could be just
what you need!

Quick
Private
Funds

- $10,000 to $1 Million in just 24 Hours
- Up to $5 Million Available



invis
Canada's Mortgage Experts™

Call today to get started
SANJEEV KATYAL
604.767.5194
Info@katyalmortgage.ca

WWW.KATYALMORTGAGE.CA


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਰੁੱਤਾਂ ਰਾਂਗਲੀਆਂ...



ਸੁਰਜੀਤ
ਟੋਰਾਂਟੋ



ਮਨੁੱਖ ਅਤੇ ਕੁਦਰਤ ਦਾ ਰਿਸ਼ਤਾ ਬਹੁਤ ਗੂੜ੍ਹਾ ਹੈ। ਕੁਦਰਤ ਦਾ ਹਰ ਵਰਤਾਰਾ ਮਨੁੱਖੀ ਮਨ ਨੂੰ ਪ੍ਰਭਾਵਿਤ ਕਰਦਾ ਹੈ। ਇਹ ਨੀਲਾ ਅੰਬਰ, ਅੰਬਰ 'ਚ ਚਮਕਦਾ-ਦਮਕਦਾ ਸੂਰਜ, ਇਹ ਧੁੱਪਾਂ ਅਤੇ ਛਾਵਾਂ, ਇਹ ਚੰਨ ਤੇ ਇਸਦੀਆਂ ਸੀਤਲ ਚਾਨਣੀਆਂ, ਇਹ ਧਰਤੀ ਅਤੇ ਇਸਦੇ ਵਿਸ਼ਾਲ ਸਮੁੰਦਰ, ਇਹ ਜਵਾਰ ਭਾਟੇ, ਇਹ ਆਸਮਾਨ ਨੂੰ ਛੂੰਹਦੇ ਬਰਫਾਂ ਲੱਦੇ ਪਰਬਤ-ਸਿਖਰ, ਇਹ ਟਿਮਟਮਾਉਂਦੀਆਂ ਤਾਰਿਆਂ ਦੀਆਂ ਖਿੱਤੀਆਂ ਹਮੇਸ਼ਾਂ ਤੋਂ ਮਨੁੱਖ ਨੂੰ ਆਪਣੇ ਵੱਲ ਆਕਰਸ਼ਿਤ ਕਰਦੇ ਰਹੇ ਹਨ। ਸੰਵੇਦਨਸ਼ੀਲ ਮਨ ਕੁਦਰਤ ਦੀ ਵਿਸ਼ਾਲ ਸੁੰਦਰਤਾ ਨੂੰ ਦੇਖ ਕੇ ਖੀਵੇ ਹੀ ਹੋ ਜਾਂਦੇ ਹਨ। ਪਸ਼ੂ-ਪੰਛੀਆਂ 'ਤੇ ਵੀ ਕੁਦਰਤ ਦਾ ਬਹੁਤ ਅਸਰ ਹੁੰਦਾ ਹੈ। ਘਨਘੋਰ ਘਟਾਵਾਂ ਨੂੰ ਵੇਖ ਮੋਰ ਪੈਲਾਂ ਪਾਉਂਦੇ ਨੇ ਅਤੇ ਪੈਲਾਂ ਪਾਉਂਦੇ ਮੋਰਾਂ ਨੂੰ ਤੱਕ ਸੰਗੀਤ-ਪ੍ਰੇਮੀਆਂ ਦੇ ਮਨ ਦਾ ਮੋਰ ਨੱਚ ਉੱਠਦਾ ਹੈ। ਪਪੀਹੇ ਦੀ ਪੀਹੂ-ਪੀਹੂ ਦੀ ਹੂਕ ਤੇ ਕਵੀ ਗੀਤ ਲਿਖਦੇ-ਗਾਉਂਦੇ ਹਨ। ਕੁਦਰਤ ਵਿਚ ਆਏ ਬਦਲਾਉ ਦਾ ਹਰ ਪ੍ਰਾਣੀ ਦੀ ਜਿੰਦਗੀ ਤੇ ਬਹੁਤ ਅਸਰ ਹੁੰਦਾ ਹੈ। ਕੁਦਰਤ ਦੇ ਅਨੇਕਾਂ ਰੰਗ ਅਤੇ ਮੂਡ ਹਨ। ਬਦਲਾਉ ਕੁਦਰਤ ਦਾ ਸਹਿਜ ਸੁਭਾਉ ਹੈ। ਰੁੱਤਾਂ ਸਹਿਜ ਹੀ ਬਦਲ ਜਾਂਦੀਆਂ ਹਨ। ਇਕ ਰੁੱਤ ਦੂਜੀ ਰੁੱਤ ਨੂੰ ਸਹਿਜ ਰੂਪ ਵਿਚ ਹੀ ਅਪਨਾ ਲੈਂਦੀ ਹੈ। ਕੁਦਰਤ ਦੇ ਵਰਤਾਰੇ ਨੂੰ ਅਸੀਂ ਵੀ ਸਹਿਜ ਹੀ ਕਬੂਲ ਲੈਂਦੇ ਹਾਂ; ਪਸ਼ੂ ਪੰਛੀ ਪੈਂਦੀਆਂ ਬਰਫ਼ਾਂ ਦੌਰਾਨ ਆਪਣੇ ਆਪਣੇ ਟਿਕਾਣੇ ਲੱਭ ਲੈਂਦੇ ਹਨ; ਕੁਝ ਧਰਤੀ ਹੇਠਾਂ ਰਹਿਣ ਲੱਗਦੇ ਹਨ ਅਤੇ ਕੁਝ ਦਰਖਤਾਂ ਆਦਿ ਦੀਆਂ ਖੋੜ੍ਹਾਂ ਜਾਂ ਲੁਕਣ ਲਈ ਹੋਰ ਜਗਾ ਲੱਭ ਲੈਂਦੇ ਹਨ। ਕੁਦਰਤ ਬਹੁਤ ਵੱਡੀ ਅਧਿਆਪਕ ਹੈ ਬਹੁਤ ਸਾਰੇ ਸਬਕ ਸਿਖਾ ਦਿੰਦੀ ਹੈ। ਪੁਰਾਣੇ ਲੋਕਾਂ ਨੂੰ ਕੁਦਰਤ ਦੇ ਇਸ਼ਾਰੇ ਸਮਝ ਆਉਂਦੇ ਸਨ। ਕੈਨੇਡਾ ਵਿਚ ਮੰਨਿਆ ਜਾਂਦਾ ਹੈ ਕਿ ਜੇ 2 ਫਰਵਰੀ ਨੂੰ 'ਗਰਾਊਂਡ ਹੌਗ' ਦਾ ਪਰਛਾਵਾਂ ਦਿਸ ਪਵੇ ਤਾਂ ਸਰਦੀਆਂ ਦੋ ਹਫਤਿਆਂ ਤੱਕ ਖਤਮ ਹੋ ਜਾਣਗੀਆਂ। ਇਸੇ ਤਰ੍ਹਾਂ ਦੀਆਂ ਹੋਰ ਵੀ ਕਈ ਮਿੱਥਾਂ ਜੁੜੀਆਂ ਹੋਈਆਂ ਹਨ ਮੌਸਮਾਂ ਨਾਲ। ਧਰਤੀ ਤੇ ਤਾਪਮਾਨ ਅਤੇ ਪ੍ਰਦੂਸ਼ਣ ਵੱਧਣ ਕਾਰਣ ਹੁਣ ਮੌਸਮ ਪਹਿਲਾਂ ਵਰਗੇ ਨਹੀਂ ਰਹੇ। ਪੁਰਾਣੇ ਲੋਕ ਦੱਸਦੇ ਹਨ ਕਿ ਹੁਣ ਟੋਰਾਂਟੋ ਵਿਚ ਪਹਿਲਾਂ ਵਰਗੀ ਬਰਫ਼ ਨਹੀਂ ਪੈਂਦੀ। ਅਕਸਰ ਹੀ ਸੁਣਦੇ ਹਾਂ ਕਿ ਧਰਤੀ ਗਰਮ ਹੋ ਰਹੀ ਹੈ ਜਿਸਦਾ ਕਾਰਣ ਮਨੁੱਖ ਦੁਆਰਾ ਕੀਤੀਆਂ ਗਲਤੀਆਂ ਹਨ। ਸਾਇੰਸਦਾਨ ਦੱਸਦੇ ਹਨ ਕਿ ਗਲੇਸ਼ੀਅਰ ਪਿਘਲਣ ਕਰਕੇ ਧਰਤੀ ਦਾ ਤਾਪਮਾਨ ਵੱਧ ਰਿਹਾ ਹੈ ਅਤੇ ਓਜ਼ੋਨ ਵਿਚ ਪਾੜ ਪੈ ਗਿਆ ਹੈ। ਧਰਤੀ 'ਤੇ ਪਾਣੀ ਦੀ ਮਾਤਰਾ ਘੱਟਦੀ ਜਾ ਰਹੀ ਹੈ, ਧਰਤੀ ਬੰਜਰ ਹੁੰਦੀ ਜਾ ਰਹੀ ਹੈ। ਜੇ ਇਵੇਂ ਹੀ ਰਿਹਾ ਤਾਂ ਧਰਤੀ 'ਤੇ ਜੀਵਨ ਖਤਮ ਹੋਣ ਦਾ ਖਦਸ਼ਾ ਹੈ। ਇਸ ਲਈ ਮਨੁੱਖ ਨੂੰ ਸੋਚਣਾ ਪਵੇਗਾ ਕਿ ਉਸਨੇ ਕੁਦਰਤ ਅਤੇ ਆਪਣੇ ਜੀਵਨ ਵਿਚ ਕਿਵੇਂ ਤਵਾਜਨ ਬਣਾ ਕੇ ਰੱਖਣਾ ਹੈ ਤਾਂ ਕਿ ਆਉਣ ਵਾਲੀਆਂ ਪੀੜੀਆਂ ਇਸ ਗ੍ਰਹਿ 'ਤੇ ਸੁੱਖ ਨਾਲ ਰਹਿ ਸਕਣ।

ਟੋਰਾਂਟੋ ਰਹਿਣ ਵਾਲਾ ਹਰ ਬੰਦਾ ਅਕਸਰ ਮੌਸਮਾਂ ਦੀ ਗੱਲ ਕਰਦਾ ਹੈ। ਇਸ ਦਾ ਕਾਰਣ ਸ਼ਾਇਦ ਇਹ ਹੈ ਕਿ ਟੋਰਾਂਟੋ ਦੇ ਮੌਸਮ ਬਹੁਤ ਸਖਤ ਹੁੰਦੇ ਹਨ। ਇੱਥੇ ਗਰਮੀ ਹੁੰਦੀ ਹੈ ਤਾਂ ਹੁੰਮਸ ਵੱਧ ਜਾਂਦੀ ਹੈ। ਬਾਰਿਸ਼ ਹੁੰਦੀ ਹੈ ਤਾਂ ਬਿਜਲੀਆਂ ਕੜਕ ਕੇ ਦਿਲ ਨੂੰ ਦਹਿਲਾ ਦਿੰਦੀਆਂ ਹਨ। ਸਰਦੀਆਂ ਵਿਚ ਕਦੇ 'ਸਨੋਅ' ਜਾਂ 'ਸਨੋਅ ਸਟੌਰਮ' ਕਦੇ 'ਫ਼ਰੀਜ਼ਿੰਗ ਰੇਨ' ਅਤੇ ਕਦੇ 'ਵੈੱਟ ਸਨੋਅ' ਪਤਾ ਨਹੀਂ ਕਿਹੜੀ ਕਿਹੜੀ ਸਨੋਅ ਪੈਂਦੀ ਹੈ ਇੱਥੇ! ਬਾਹਰੋਂ ਆ ਕੇ ਕੈਨੇਡਾ ਵੱਸਿਆ ਬੰਦਾ ਚੰਗੇ ਮੌਸਮ ਦੀ ਉਡੀਕ ਕਰਦਾ ਕਰਦਾ ਥੱਕ ਜਾਂਦਾ ਹੈ ਕਿ ਕਦੋਂ ਮੌਸਮ ਖੁੱਲੇ ਤੇ ਕਦੋਂ ਉਹ ਘਰ ਦੀ ਚਾਰ-ਦਿਵਾਰੀ ਵਿੱਚੋਂ ਬਾਹਰ ਨਿੱਕਲੇ ਪਰ ਇੱਥੋਂ ਦੇ ਵਸ਼ਿੰਦੇ ਸਰਦੀਆਂ ਨੂੰ ਬੇਸਬਰੀ ਨਾਲ ਉਡੀਕਦੇ ਹਨ। ਉਨ੍ਹਾਂ ਸਰਦੀਆਂ ਦਾ ਆਨੰਦ ਮਾਨਣ ਲਈ ਬਹੁਤ ਸਾਰੀਆਂ ਖੇਡਾਂ ਈਜ਼ਾਦ ਕੀਤੀਆਂ ਹੋਈਆਂ ਹਨ ਜਿਨ੍ਹਾਂ ਦਾ ਉਹ ਪਹਾੜਾਂ ਤੇ ਜਾਕੇ ਮਜ਼ਾ ਲੈਂਦੇ ਹਨ ਜਿਵੇਂ ਆਈਸ ਸਕੇਟਿੰਗ, ਆਈਸ ਹੌਕੀ, ਸਕੀਇੰਗ, ਸਨੋਅਬੋਰਡਿੰਗ ਅਤੇ ਸਲੈੱਡ ਇਤਿਆਦਿ। ਇੱਥੇ ਤਾਪਮਾਨ ਮਾਈਨੱਸ 40 ਤੋਂ -45 ਡਿਗਰੀ ਹੋ ਜਾਂਦਾ ਹੈ ਅਤੇ ਲੋਕ ਉਸ ਤਾਪਮਾਨ ਦੇ ਹਿਸਾਬ ਨਾਲ ਗਰਮ ਕੱਪੜੇ ਅਤੇ ਸਨੋਅ ਬੂਟ, ਚਸ਼ਮੇ ਅਤੇ ਟੋਪੀਆਂ ਪਾਕੇ ਖੂਬ ਆਨੰਦ ਮਾਣਦੇ ਹਨ। ਅਕਸਰ ਇੱਥੋਂ ਦੀਆਂ ਝੀਲਾਂ ਤੇ ਦਰਿਆ ਜੰਮ ਜਾਂਦੇ ਹਨ ਅਤੇ ਲੋਕ ਜੰਮੀਆਂ ਝੀਲਾਂ 'ਤੇ ਵੀ ਖੇਡਣ ਜਾਂਦੇ ਹਨ।

ਓਨਟਾਰੀਓ ਦੇ ਮੌਸਮਾਂ ਵਿੱਚੋਂ ਸਰਦ ਰੁੱਤ ਸਭ ਤੋਂ ਲੰਮੀ ਹੁੰਦੀ ਹੈ। ਇੰਨੀ ਲੰਮੀ ਸਰਦ ਰੁੱਤ ਤੋਂ ਬਾਅਦ ਜਦੋਂ ਹਵਾ ਵਿਚ ਰਤਾ ਕੁ ਗਰਮਾਇਸ਼ ਆਉਣੀ ਸ਼ੁਰੂ ਹੁੰਦੀ ਹੈ ਤਾਂ ਲੋਕਾਂ ਵਿਚ ਹੁੱਲਾਸ ਆ ਜਾਂਦਾ ਹੈ। ਸੂਰਜ ਹੁਣ ਥੋੜਾ ਘੱਟ ਸ਼ਰਮਾਉਂਦਾ ਹੈ ਤੇ ਬਰਫ਼ ਵੀ ਪਿਘਲਣ ਲੱਗਦੀ ਹੈ। ਜ਼ਮੀਨ ਤੇ ਜੰਮੀ ਖਾਕੀ ਰੰਗੀ ਘਾਹ ਦੀ ਰੰਗਤ ਥੋੜੀ ਥੋੜੀ ਹਰੀ ਭਾਅ ਮਾਰਨ ਲੱਗ ਪੈਂਦੀ ਹੈ। ਜਗਾ ਜਗਾ ਰੰਗ-ਬਿਰੰਗੇ 'ਟਿਊਲਿਪਸ' ਖਿੜਨੇ ਸ਼ੁਰੂ ਹੋ ਜਾਂਦੇ ਹਨ। ਇੱਥੋਂ ਦੇ ਲੋਕ ਹੁਣ ਆਪਣੇ ਵਿਹੜਿਆਂ ਨੂੰ ਸਜਾਉਣ ਲਈ ਬੂਟਿਆਂ ਦੀਆਂ ਨਰਸਰੀਆਂ ਵੱਲ ਰੁਖ਼ ਕਰ ਦਿੰਦੇ ਹਨ।

ਰੁੱਤਾਂ ਵਿਚੋਂ ਸਭ ਤੋਂ ਸੁਹਾਵਣੀ ਰੁੱਤ ਬਸੰਤ ਹੁੰਦੀ ਹੈ। ਬਸੰਤ ਰੁੱਤ 'ਤੇ ਬਹੁਤ ਸਾਰਾ ਸਾਹਿਤ ਵੀ ਰਚਿਆ ਜਾ ਚੁੱਕਾ ਹੈ। ਟੋਰਾਂਟੋ ਵਿਚ ਮਾਰਚ ਨੂੰ ਬਸੰਤ ਦੀ ਆਮਦ ਦਾ ਐਲਾਨ ਕਰ ਦਿਤਾ ਜਾਂਦਾ ਹੈ। ਸਵੇਰੇ ਬਾਹਰ ਝਾਤੀ ਮਾਰੋ ਤਾਂ ਕਾਟੋਆਂ ਨਾਲ ਹੁਣ ਪੰਛੀ ਵੀ ਵਿਹੜੇ 'ਚ ਚੀਂ ਚੀਂ ਕਰਦੇ ਚੁਗਦੇ ਦਿਸਦੇ ਹਨ। ਹੌਲੀ ਹੌਲੀ ਰੁੱਤ ਬਦਲ ਜਾਂਦੀ ਹੈ ਅਤੇ ਨਾਲ ਹੀ ਕਵੀਆਂ ਦੇ ਰੌਂਅ ਵੀ ਬਦਲ ਜਾਂਦੇ ਨੇ ਤੇ ਉਹ ਇਸ ਰੁੱਤ 'ਤੇ ਕਵਿਤਾਵਾਂ ਲਿਖਦੇ ਨੇ, ਬਸੰਤ ਰੁੱਤ ਦੇ ਕਵੀ ਦਰਬਾਰ ਹੋਣੇ ਸ਼ੁਰੂ ਹੋ ਜਾਂਦੇ ਹਨ ਕਿਉਂਕਿ ਬਸੰਤ ਰੁੱਤ ਕਵੀਆਂ ਦੀ ਸਭ ਤੋਂ ਪਸੰਦੀਦਾ ਰੁੱਤ ਹੈ। ਆਲੇ ਦੁਆਲੇ ਦਰਖਤਾਂ 'ਤੇ ਕਰੂੰਬਲਾਂ ਫੁੱਟੀਆਂ ਵੇਖ ਲੋਕਾਂ ਨੂੰ ਚਾਅ ਚੜ੍ਹ ਜਾਂਦਾ ਹੈ। ਕਈ ਰੁੰਡ-ਮੁੰਡ ਰੁੱਖ ਜਿਵੇਂ ਚੈਰੀ ਦੇ ਬੂਟੇ ਤਾਂ ਭਾਂਤਿ-ਭਾਂਤਿ ਦੇ ਫੁੱਲਾਂ ਨਾਲ ਭਰ ਜਾਂਦੇ ਹਨ। ਫੁੱਲਾਂ ਦੇ ਏਸ ਖੇੜੇ ਨੂੰ ਹਰ



ਕੋਈ ਜੀਉ ਆਇਆਂ ਆਖਦਾ ਹੈ। ਇਕ ਲੰਮੀ ਇੰਤਜ਼ਾਰ ਤੋਂ ਬਾਅਦ ਟੋਰਾਂਟੋ ਸ਼ਹਿਰ ਵਿਚ ਸੰਗਦੀ ਸੰਗਦੀ ਗਰਮੀਆਂ ਦੀ ਰੁੱਤ ਆਉਂਦੀ ਹੈ। ਰੁੱਤਾਂ ਦੇ ਸੁਭਾਅ ਦੇ ਅਨੁਸਾਰ ਲੋਕ ਫਿਰ ਪੂਰੀ ਤਰ੍ਹਾਂ ਬਦਲ ਜਾਂਦੇ ਹਾਨ। ਥੋੜੇ ਜਿਹੇ ਸਮੇਂ ਵਿਚ ਟੋਰਾਂਟੋ ਵਾਸੀ ਗਰਮ ਰੁੱਤ ਦਾ ਪੂਰਾ ਆਨੰਦ ਮਾਣਦੇ ਹਨ। ਉਹੀ ਵਿਹੜੇ ਜਿਹੜੇ ਸਰਦੀਆਂ ਵਿਚ ਬਰਫ਼ ਦੇ ਢੇਰਾਂ ਹੇਠ ਦੱਬੇ ਹੁੰਦੇ ਹਨ ਚਾਣਚੱਕ ਖੂਬਸੂਰਤ ਫੁੱਲਾਂ ਨਾਲ ਭਰ ਜਾਂਦੇ ਹਨ। ਹਰ ਪਾਸੇ ਖੇੜਾ ਹੀ ਖੇੜਾ ਨਜ਼ਰ ਆਉਂਦਾ ਹੈ। ਲੋਕ ਖੂਬ ਸੈਰਾਂ ਕਰਦੇ ਹਨ। ਸਮੁੰਦਰਾਂ ਅਤੇ ਝੀਲਾਂ 'ਚ ਚੁੱਭੀਆਂ ਮਾਰਦੇ ਹਨ। ਕੈਂਪਾਂ 'ਤੇ ਜਾਂਦੇ ਹਨ। ਪਾਰਕਾਂ 'ਚ ਜਾ ਕੇ ਪਿਕਨਿਕਾਂ ਕਰਦੇ ਹਨ। ਸੂਰਜ ਦੇਵਤਾ ਰਾਤ ਦੇ ਨੌਂ-ਸਾਢੇ ਨੌਂ ਵਜੇ ਤੱਕ ਲੋਕਾਂ ਨੂੰ ਤਾਜ਼ੀ ਹਵਾ ਵਿਚ ਘੁੰਮਦਿਆਂ ਦੇਖਦਾ ਰਹਿੰਦਾ ਹੈ। ਲੋਕ ਅਜੇ ਇਸ ਦੀ ਆਮਦ ਦੀਆਂ ਖੁਸ਼ੀਆਂ ਵਿਚ ਭਿੱਜ ਹੀ ਰਹੇ ਹੁੰਦੇ ਹਨ ਕਿ ਇਹ ਅੱਖ ਝਪਕਦਿਆਂ ਹੀ ਬੀਤ ਵੀ ਜਾਂਦੀ ਹੈ। ਪੱਤਝੜ ਸਰਦੀਆਂ ਅਤੇ ਗਰਮੀਆਂ ਵਿਚਕਾਰ ਇਕ ਅੰਤਰਾਲ ਹੁੰਦੀ ਹੈ। ਹੁਣ ਲੰਮੇ ਲੰਮੇ ਦਿਨ ਛੋਟੇ ਅਤੇ ਰਾਤਾਂ ਲੰਮੀਆਂ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਮੀਂਹ ਪੈਣ ਲੱਗਦੇ ਨੇ ਅਤੇ ਸਾਡੇ ਸ਼ਹਿਰ ਦਾ ਮੌਸਮ ਵੀ ਠੰਢਾ ਹੋਣਾ ਸ਼ੁਰੂ ਹੋ ਜਾਂਦਾ ਹੈ। ਪਹਿਲਾਂ ਕੁਝ ਕੁ ਪੱਤੇ ਝੜਦੇ ਹਨ ਅਤੇ ਰਹਿੰਦੇ ਪੀਲੀ ਭਾਅ ਮਾਰਨ ਲੱਗਦੇ ਹਨ। ਇਸ ਰੁੱਤ ਦਾ ਵੀ ਆਪਣਾ ਹੀ ਇਕ ਅਨੋਖਾ ਰੰਗ ਹੁੰਦਾ ਹੈ। ਸਾਡੇ ਚਾਰੇ ਪਾਸੇ ਪੱਸਰੀ ਹੋਈ ਹਰਿਆਲੀ ਕਈ ਰੰਗਾਂ ਵਿਚ ਤਬਦੀਲ ਹੋ ਕੇ ਖੂਬਸੂਰਤ ਨਜ਼ਾਰੇ ਸਿਰਜਦੀ ਹੈ। ਇਨ੍ਹਾਂ ਨਜ਼ਾਰਿਆਂ ਨੂੰ ਵੇਖਕੇ ਮਨੁੱਖੀ ਮਨ ਕਹਿ ਉੱਠਦਾ ਹੈ, 'ਵਾਹ! ਕੁਦਰਤ ਵੀ ਕਮਾਲ ਦੀ ਚਿੱਤਰਕਾਰ ਹੈ!' ਪੰਜਾਬੀ ਕਵੀਆਂ ਨੇ ਆਪਣੀਆਂ ਕਵਿਤਾਵਾਂ ਵਿਚ ਪੱਤਝੜ ਦੇ ਬਿੰਬ ਨੂੰ ਉਦਾਸੀ ਅਤੇ ਜਿੰਦਗੀ ਦੀ ਬੇਰੰਗਤਾ ਲਈ ਖੂਬ ਵਰਤਿਆ ਹੈ। ਡਾ. ਜਗਤਾਰ ਲਿਖਦਾ ਹੈ,

ਰਾਤ ਲੱਗਦੇ ਸੀ
ਗੁਲਾਬਾਂ ਦੀ ਤਰ੍ਹਾਂ ਜਗਦੇ ਚਰਾਗ਼,
ਚੜ੍ਹ ਪਿਆ ਸੂਰਜ
ਤਾਂ ਪਤਝੜ ਦੀ ਉਦਾਸੀ ਹੋ ਗਏ।

ਪਰ ਕੈਨੇਡਾ ਦੀ ਪਤਝੜ ਨਾ ਹੀ ਉਦਾਸ ਹੁੰਦੀ ਹੈ ਅਤੇ ਨਾ ਹੀ ਬੇਰੰਗ! ਇਹ ਤਾਂ ਰੰਗਾਂ ਦਾ ਜਲੌਅ ਹੁੰਦੀ ਹੈ ਜਿਸਨੂੰ ਲੋਕ ਆਪਣੇ ਕੈਮਰੇ ਲੈ ਕੇ ਦੂਰ ਦੂਰ ਤੱਕ ਮਾਨਣ ਜਾਂਦੇ ਹਨ। ਰੁੱਤ ਕੋਈ ਵੀ ਹੋਵੇ ਉਸ ਅਨੁਸਾਰ ਢੱਲਣਾ ਜ਼ਿੰਦਗੀ ਨੂੰ ਖੂਬਸੂਰਤ ਬਣਾ ਦਿੰਦਾ ਹੈ। ਮੈਨੂੰ ਹਮੇਸ਼ਾ ਲੱਗਦਾ ਹੈ ਕਿ ਜਿਹੋ ਜਿਹਾ ਸਾਵਣ ਪੰਜਾਬ ਵਿਚ ਹੁੰਦਾ ਸੀ ਉਹ ਕਿਧਰੇ ਨਹੀਂ ਹੁੰਦਾ। ਸਾਵਣ ਮਹੀਨੇ ਦਾ ਨਾਂ ਸੁਣਦਿਆਂ ਹੀ ਪੰਜਾਬ ਦੀ ਬਰਸਾਤ ਰੁੱਤ ਯਾਦ ਆ ਜਾਂਦੀ ਹੈ। ਸਾਉਣ ਦਾ ਮਹੀਨਾ ਕੀ ਆਉਂਦਾ ਕਿ ਲੋਕਾਂ ਨੂੰ ਚਾਅ ਹੀ ਚੜ੍ਹ ਜਾਂਦਾ! ਜੇਠ-ਹਾੜ ਦੀਆਂ ਧੁੱਪਾਂ ਨਾਲ ਸੜ੍ਹੀ ਹੋਈ ਧਰਤੀ ਨੂੰ ਵੀ ਜਿਵੇਂ ਥੋੜੀ ਜਿਹੀ ਰਾਹਤ ਮਿਲਦੀ। ਠੰਢੀਆਂ ਫੁਹਾਰਾਂ ਨਾਲ ਲੋਕਾਂ ਦੇ ਮਨਾਂ ਵਿਚ ਹੁੱਲਾਸ ਭਰ ਜਾਂਦਾ। ਸੱਜ-ਵਿਆਹੀਆਂ ਕੁੜੀਆਂ ਪੇਕੇ ਜਾਣ ਦੀਆਂ ਤਿਆਰੀਆਂ ਕੱਸ ਲੈਂਦੀਆਂ। ਪਿੰਡ ਦੇ ਬਾਹਰਵਾਰ ਤੀਆਂ ਲੱਗਦੀਆਂ ਅਤੇ ਪਿੱਪਲਾਂ ਤੇ ਪੀਂਘਾਂ ਪੈਂਦੀਆਂ। ਵਾਹ! ਉਹ ਕਾਲੀਆਂ ਘੱਟਾਵਾਂ ਦਾ ਚੜ੍ਹ ਚੜ੍ਹ ਆਉਣਾ ਤੇ ਮੋਰਾਂ ਦਾ ਪੈਲਾਂ ਪਾਉਣਾ! ਉਹ ਬੱਦਲਾਂ ਦਾ ਗੱਜਣਾਂ, ਕੋਇਲਾਂ ਦਾ ਕੂਕਣਾ, ਬੱਚਿਆਂ ਦਾ ਮੀਂਹ ਵਿਚ ਨਹਾਉਣਾ ਤੇ ਬਿਜਲੀਆਂ ਦਾ ਲਿਸ਼ਕਣਾ! ਇਸ ਸੁਹਾਣੇ ਮੌਸਮ ਵਿਚ ਗੋਰੀ ਦਾ ਆਪਣੇ ਢੋਲ ਨੂੰ ਉਡੀਕਣਾ! ਸਾਡੇ ਚੇਤਿਆਂ ਵਿਚ ਕਿੰਨਾ ਕੁਝ ਜੁੜਿਆ ਪਿਆ ਹੈ ਇਸ ਰੁੱਤ ਦੇ ਨਾਂ ਨਾਲ! ਕਵੀਆਂ ਦੀ ਇਹ ਵੀ ਮਨ ਭਾਉਂਦੀ ਰੁੱਤ ਹੈ। ਇੰਨੇ ਗੀਤ ਲਿਖੇ ਗਏ ਨੇ ਇਸ ਰੁੱਤ 'ਤੇ ਕਿ ਗਿਨਣ ਲੱਗੀਏ ਤਾਂ ਸਾਰੀ ਧਰਤੀ ਨੂੰ ਕਾਗਜ਼ ਬਨਾਉਣਾ ਪਏ। ਭਾਂਵੇਂ ਅੱਜਕਲ ਉੱਥੇ ਵੀ ਉਹ ਸਾਵਣ ਨਹੀਂ ਰਹੇ ਕਿੰਨਾ ਕੁਝ ਬਦਲ ਗਿਆ ਹੈ ਪਰ ਅੱਜ ਵੀ ਸਾਵਣ-ਕਵੀ ਦਰਬਾਰ ਸੱਜਦੇ ਹਨ ਅਤੇ ਕਵੀ ਸਾਉਣ ਮਹੀਨੇ ਤੇ ਬਹੁਤ ਸੁਹਣੀਆਂ ਕਵਿਤਾਵਾਂ ਲਿਖਦੇ ਹਨ। ਕੁਦਰਤ ਦਾ ਨੇਮ ਹੈ! ਮੌਸਮਾਂ ਨੇ ਬਦਲਣਾ ਹੀ ਹੈ ਗਰਮੀਆਂ ਤੋਂ ਬਾਅਦ ਪੱਤਝੜ ਆਉਣੀ ਹੀ ਹੈ, ਪੱਤਝੜ ਨੇ ਸਰਦੀਆਂ ਵਿਚ ਤਬਦੀਲ ਹੋਣਾ ਹੀ ਹੈ ਅਤੇ ਫਿਰ ਜੰਮ ਕੇ ਬਰਫ਼ ਪੈਣੀ ਹੈ ਅਤੇ ਨਦੀਆਂ ਤੇ ਝੀਲਾਂ ਸਭ ਨੇ ਜੰਮ ਜਾਣਾ ਹੁੰਦਾ ਹੈ। ਇਕ ਦਿਨ ਉਨ੍ਹਾਂ ਦੀਆਂ ਪਿਘਲੀਆਂ ਪੈੜਾਂ ਫੇਰ ਸਮੁੰਦਰ ਵੱਲ ਰਵਾਂ ਹੋ ਜਾਂਦੀਆਂ ਨੇ। ਸਾਗਰ ਪਾਣੀ ਦੇ ਹਰ ਕਿਣਕੇ ਨੂੰ ਆਪਣੇ ਕਲਾਵੇ ਵਿਚ ਸਮੇਟ ਲੈਂਦਾ ਹੈ ਤੇ ਇਹ ਚੱਕਰ ਇਵੇਂ ਹੀ ਚੱਲਦਾ ਰਹਿੰਦਾ ਹੈ ਅਤੇ ਨਾਲ ਨਾਲ ਚੱਲਦੇ ਹਾਂ ਅਸੀਂ! ਰੁੱਤਾਂ ਸਾਡੀ ਜਿੰਦਗੀ ਨੂੰ ਤਰੋ-ਤਾਜ਼ਾ ਕਰਦੀਆਂ ਹਨ ਹਰ ਰੁੱਤ ਦੇ ਆਗਮਨ ਨੂੰ ਖੁੱਲ੍ਹੀਆਂ ਬਾਂਹਾਂ ਨਾਲ ਸਵੀਕਾਰ ਕਰਨਾ ਹੀ ਜਿੰਦਗੀ ਜੀਊਣ ਦਾ ਖੂਬਸੂਰਤ ਹੁਨਰ ਹੈ।

SUNNY SANGHA • PERSONAL REAL ESTATE CORPORATION

## 14317 31A AVENUE, SURREY





Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

## UNIT 2808 13615 FRASER HWY




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

## LOT B 20444 46A AVENUE, LANGLEY




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

## #92 15111 EDMUND DRIVE



Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

## LOT A 33734 MAYFAIR AVENUE, SURREY

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA

CENTURY 21

Ram Johal
604-356-5555



www.sunnysangha.com | info@sunnysangha.com




# ਸ਼ੂਗਰ ਦੌਰਾਨ ਇਲਾਜ ਨਾਲੋਂ ਪ੍ਰਹੇਜ਼ ਚੰਗਾ

**ਡਾ: ਅੰਜੂਲਾ ਵਰਮਾ**

ਜਦੋਂ ਖ਼ੂਨ ਅੰਦਰ ਗਲੂਕੋਜ ਦੀ ਮਾਤਰਾ ਵਧ ਜਾਂਦੀ ਹੈ ਤਾਂ ਉਸ ਨੂੰ ਸ਼ੂਗਰ ਜਾਂ ਸ਼ੱਕਰ ਰੋਗ ਕਿਹਾ ਜਾਂਦਾ ਹੈ। ਇਨਸੁਲਿਨ ਹਾਰਮੋਨ ਜੋ ਕਿ ਪੈਨਕ੍ਰਿਆਸ ਦੁਆਰਾ ਪੈਦਾ ਕੀਤਾ ਜਾਂਦਾ ਹੈ ਉਸ




ਦੀ ਘਾਟ ਜਾਂ ਅਸੰਤੁਲਿਨ ਹੀ ਸ਼ੂਗਰ ਦਾ ਮੁੱਖ ਕਾਰਨ ਬਣਦਾ ਹੈ ਕਿਉਂਕਿ ਇਨਸੁਲਿਨ ਹਾਰਮੋਨ ਹੀ ਖ਼ੂਨ ਵਿਚਲੀ ਸ਼ੂਗਰ ਨੂੰ ਕੰਟਰੋਲ ਕਰਦਾ ਹੈ।

## ਸ਼ੂਗਰ ਦੀਆਂ ਕਿਸਮਾਂ

ਟਾਇਪ ਇੱਕ ਡਾਇਬਿਟੀਜ਼ ਮੈਲਾਇਟਸ ਨੂੰ ਇਨਸੁਲਿਨ ਡਿਪੈਂਡੈਂਟ ਸ਼ੂਗਰ ਵੀ ਕਿਹਾ ਜਾਂਦਾ ਹੈ ਇਸ ਕਿਸਮ ਦੀ ਸ਼ੂਗਰ ਪੰਜ ਤੋਂ ਦਸ ਪ੍ਰਤੀਸ਼ਤ ਲੋਕਾਂ ਨੂੰ ਹੁੰਦੀ ਹੈ ।ਅਜਿਹੇ ਮਰੀਜ਼ਾਂ ਨੂੰ ਰੋਜ਼ਾਨਾ ਇੰਸੁਲਿਨ ਟੀਕਿਆਂ ਦੇ ਰੂਪ ਵਿੱਚ ਲੈਣੀ ਪੈਂਦੀ ਹੈ ਇਹ ਕਿਸਮ ਆਮ ਤੌਰ ਤੇ ਬੱਚਿਆਂ ਵਿੱਚ ਜਾਂ ਕੁਝ ਹਦ ਤਕ ਨੌਜਵਾਨਾਂ ਵਿੱਚ ਵੀ ਪਾਈ ਜਾਂਦੀ ਹੈ ਇਹ ਤੇਜ਼ੀ ਨਾਲ ਹੁੰਦੀ ਹੈ ਪਤਲੇ ਜਾਂ ਸਹੀ ਵਜ਼ਨ ਵਾਲੇ ਲੋਕ ਇਸ ਦਾ ਸ਼ਿਕਾਰ ਜਿਆਦਾ ਹੁੰਦੇ ਹਨ । ਇਸ ਤਰ੍ਹਾਂ ਦੀ ਸ਼ੂਗਰ ਵਿੱਚ ਸਰੀਰ ਅੰਦਰ ਇਨਸੂਲਿਨ ਪੈਦਾ ਤਾਂ ਹੁੰਦੀ ਹੈ ਪਰ ਉਨੀ ਮਾਤਰਾ ਵਿੱਚ ਨਹੀਂ ਜਿਹੜੀ ਖ਼ੂਨ ਵਿਚਲੇ ਸ਼ੂਗਰ ਨੂੰ ਕੰਟਰੋਲ ਕਰ ਸਕੇ ।ਨੱਬੇ ਤੋਂ ਪਚਾਨਵੇਂ ਪ੍ਰਤੀਸ਼ਤ ਲੋਕ ਟਾਈਪ ਟੂ ਡਾਇਬਿਟੀਜ਼ ਮੈਲਾਈਟਸ ਦਾ ਸ਼ਿਕਾਰ ਹੁੰਦੇ ਹਨ ਇਸ ਪ੍ਰਕਾਰ ਦੀ ਸ਼ੂਗਰ ਆਮ ਤੌਰ ਤੇ ਚਾਲੀ ਸਾਲ ਤੋਂ ਵੱਡੀ ਉਮਰ ਦੇ ਲੋਕਾਂ ਵਿਚ ਪਾਈ ਜਾਂਦੀ ਹੈ ।ਇਸ ਤਰ੍ਹਾਂ ਦੀ ਸ਼ੂਗਰ ਦੇ ਮਰੀਜ਼ਾਂ ਵਿੱਚ ਅਲਾਮਤਾਂ ਹੌਲੀ ਹੌਲੀ ਉਜਾਗਰ ਹੁੰਦੀਆਂ ਹਨ ਇਸੇ ਕਰਕੇ ਸ਼ੂਗਰ ਨੂੰ ਸਾਈਲੈਂਟ ਕਿੱਲਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

## ਗਰਭ ਅਵਸਥਾ ਦੀ ਸ਼ੂਗਰ

ਕੁਝ ਔਰਤਾਂ ਵਿੱਚ ਗਰਭ ਅਵਸਥਾ ਦੌਰਾਨ ਬਲੱਡ ਗੁਲੂਕੋਜ਼ ਲੈਵਲ ਦਾ ਵਾਧਾ ਹੋ ਜਾਂਦਾ ਹੈ ਇਸ ਨੂੰ ਗਰਭ ਅਵਸਥਾ ਦੀ ਸ਼ੂਗਰ ਕਿਹਾ ਜਾਂਦਾ ਹੈ ਪਰ ਬੱਚਾ ਹੋਣ ਤੋਂ ਬਾਅਦ ਸ਼ੂਗਰ ਆਪਣੇ ਆਪ ਠੀਕ ਹੋ ਜਾਂਦੀ ਹੈ ਪਰ ਫਿਰ ਵੀ ਸ਼ੂਗਰ ਹੋਣ ਦਾ ਖਤਰਾ ਸਿਰ ਉੱਤੇ ਮੰਡਰਾਉਂਦਾ ਰਹਿੰਦਾ ਹੈ ।

## ਸ਼ੂਗਰ ਦੇ ਕਾਰਨ

ਜੱਦੀ ਪੁਸ਼ਤੀ, ਮੋਟਾਪਾ, ਮਾਨਸਿਕ ਤਣਾਅ, ਕਸਰਤ ਦੀ ਘਾਟ, ਕਾਰਬੋਹਾਈਡ੍ਰੇਟ ਯੁਕਤ ਭੋਜਨ ਅਤੇ ਫਾਸਟ ਫੂਡ ਦਾ ਜ਼ਿਆਦਾ ਇਸਤੇਮਾਲ, ਸ਼ਰਾਬ ਅਤੇ ਹੋਰ ਨਸ਼ੇ।

## ਸ਼ੂਗਰ ਦੇ ਲੱਛਣ

ਜਿਵੇਂ ਕਿ ਪਹਿਲਾਂ ਤੋਂ ਸੁਣਦੇ ਅਤੇ ਪੜ੍ਹਦੇ ਆ ਰਹੇ ਹਾਂ ਕਿ ਜਦੋਂ ਕਿਸੇ ਨੂੰ ਭੁੱਖ ਵੱਧ ਲੱਗਣ ਲੱਗ ਜਾਵੇ ਪਿਆਸ ਵੱਧ ਲੱਗਣ ਲੱਗ ਜਾਵੇ ਅਤੇ ਪਿਸ਼ਾਬ ਵੱਧ ਆਵੇ ਤਾਂ ਉਸ ਨੂੰ ਸ਼ੂਗਰ ਹੋ ਸਕਦੀ ਹੈ ਪਰ ਅੱਜ ਕੱਲ੍ਹ ਦੇਖਣ ਵਿਚ ਆ ਰਿਹਾ ਹੈ ਕਿ ਬਹੁਤ ਸਾਰੇ ਮਰੀਜ਼ ਜਿਨ੍ਹਾਂ ਨੂੰ ਇਸ ਤਰ੍ਹਾਂ ਦਾ ਕੋਈ ਵੀ ਲੱਛਣ ਨਹੀਂ ਹੁੰਦਾ ਸਿਰਫ ਚੈੱਕ ਕਰਵਾਉਣ ਤੇ ਪਤਾ ਚੱਲਦਾ ਹੈ ਕਿ ਉਹ ਸ਼ੂਗਰ ਦੇ ਮਰੀਜ਼ ਹਨ ਤੇ ਸ਼ੂਗਰ ਵੀ ਉਨ੍ਹਾਂ ਦੀ ਦੋ ਸੌ ਜਾਂ ਤਿੰਨ ਸੌ ਹੁੰਦੀ ਹੈ ਅਜਿਹੇ ਮਰੀਜ਼ਾਂ ਵਿੱਚ ਸ਼ੂਗਰ ਦਾ ਇੱਕ ਵੀ ਲੱਛਣ ਨਹੀਂ ਪਾਇਆ ਜਾਂਦਾ ਜੋ ਕਿ ਬਹੁਤ ਹੀ ਖ਼ਤਰਨਾਕ ਵਰਤਾਰਾ ਹੈ ਤਾਂ ਹੀ ਤਾਂ ਸ਼ੂਗਰ ਨੂੰ ਸਾਈਲੈਂਟ ਕਿੱਲਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ । ਕਈ ਵਾਰ ਮਰੀਜ਼ ਆ ਕੇ ਸ਼ਿਕਾਇਤ ਕਰਦਾ ਹੈ ਕਿ ਉਸ ਦੇ ਪਿਸ਼ਾਬ ਵਾਲੀ ਜਗ੍ਹਾ ਖੁਰਕ ਹੁੰਦੀ ਹੈ ਜਾਂ ਕਈ ਹਾਲਤਾਂ ਵਿੱਚ ਮਰੀਜ਼ ਦੇ ਪਿਸ਼ਾਬ ਵਾਲੀ ਜਗ੍ਹਾ ਬਿਆਈਆਂ ਖੁਲ੍ਹਣ ਲੱਗ ਜਾਂਦੀਆਂ ਹਨ ਜੋ ਕਿ ਸ਼ੂਗਰ ਦਾ ਹੀ ਲੱਛਣ ਹੁੰਦਾ ਹੈ ।ਇਸ ਤੋਂ ਇਲਾਵਾ ਕਿਸੇ ਵੀ ਜ਼ਖਮ ਦਾ ਛੇਤੀ ਠੀਕ ਨਾ ਹੋਣਾ ਜਾਂ ਚਮੜੀ ਦਾ ਖੁਸ਼ਕ ਹੋਣਾ ਤੇ ਪਿੰਡੇ ਉੱਤੇ ਫਿਨਸੀਆਂ ਨਿਕਲਣੀਆਂ ਵੀ ਸ਼ੂਗਰ ਦਾ ਲੱਛਣ ਹੋ ਸਕਦਾ ਹੈ ।ਕਈ ਮਰੀਜ਼ਾਂ ਵਿੱਚ ਸ਼ੂਗਰ ਦਾ ਉਦੋਂ ਪਤਾ ਲੱਗਦਾ ਹੈ ਜਦ ਨਿਗ੍ਹਾ ਕਮਜ਼ੋਰ ਹੋ ਜਾਂਦੀ ਹੈ ।ਹੱਥਾਂ ਪੈਰਾਂ ਵਿੱਚ ਸੁੰਨਾਪਣ, ਖੱਲੀਆਂ ਪੈਣੀਆਂ ,ਤਾਣੀਆਂ ਆਉਣੀਆਂ ਜ਼ਿਆਦਾ ਪਸੀਨਾ ਆਉਣਾ ,ਹੱਥਾਂ ਪੈਰਾਂ ਚੋਂ ਸੇਕ ਨਿਕਲਣਾ ਵੀ ਸ਼ੂਗਰ ਦੇ ਲੱਛਣ ਹੁੰਦੇ ਹਨ ।ਸਰੀਰ ਦਾ ਥੱਕਿਆ ਥੱਕਿਆ ਰਹਿਣਾ ਕੰਮ ਕਰਨ ਨੂੰ ਜੀਅ ਨਾ ਕਰਨਾ ਅਤੇ ਵਜ਼ਨ ਦਾ ਲਗਾਤਾਰ ਘਟਦੇ ਜਾਣਾ ਨਿਗ੍ਹਾ ਵਿੱਚ ਧੁੰਦਲਾਪਣ ਸਿਰ ਚਕਰਾਉਣਾ ਇਹ ਸ਼ੂਗਰ ਦੇ ਪੱਕੇ ਲੱਛਣ ਹਨ ।

## ਸ਼ੂਗਰ ਅਤੇ ਪਰਹੇਜ਼

ਸ਼ੂਗਰ ਵਾਲੇ ਮਰੀਜ਼ ਨੂੰ ਜਿੱਥੋਂ ਤੱਕ ਹੋ ਸਕੇ ਮਿੱਠਾ ਬਿਲਕੁਲ ਬੰਦ ਕਰ ਦੇਣਾ ਚਾਹੀਦਾ ਹੈ ਚਾਹੇ ਉਹ ਖੰਡ ਹੋਏ ਜਾਂ ਗੁੜ ਸ਼ੱਕਰ ਇਹ ਧਾਰਨਾ ਬਿਲਕੁਲ ਗਲਤ ਹੈ ਕਿ ਸ਼ੂਗਰ ਵਾਲਾ ਮਰੀਜ਼ ਗੁੜ ਜਾਂ ਸ਼ੱਕਰ ਖਾ ਸਕਦਾ ਹੈ ਇਸ ਤੋਂ ਇਲਾਵਾ ਮਿੱਠੇ ਫਲ ਅਤੇ ਕਣਕ ਵੀ ਬਿਲਕੁਲ ਬੰਦ ਕਰ ਦੇਣੀ ਚਾਹੀਦੀ ਹੈ ਕਿਉਂਕਿ ਕਣਕ, ਚੌਲ ਅਤੇ ਮੱਕੀ ਵਿੱਚ ਵੀ ਸ਼ੂਗਰ ਵੱਧ ਮਾਤਰਾ ਵਿੱਚ ਪਾਈ ਜਾਂਦੀ ਹੈ ਸ਼ੂਗਰ ਦੇ ਮਰੀਜ਼ ਲਈ ਛੋਲੇ ,ਬਾਜਰਾ ,ਜੌਂ, ਜਵਾਰ ,ਕੋਧਰੇ ਦਾ ਰਲਵਾਂ ਆਟਾ ਲਾਹੇਵੰਦ ਹੁੰਦਾ ਹੈ ਮਿੱਠੇ ਫਲ ਸ਼ੂਗਰ ਦੇ ਮਰੀਜ਼ ਲਈ ਬਹੁਤ ਹੀ ਮਾੜੇ ਮੰਨੇ ਗਏ ਹਨ ਸ਼ੂਗਰ ਦਾ ਮਰੀਜ਼ ਸਿਰਫ਼ ਅਮਰੂਦ ,ਜਾਮਣ ਕੀਵੀ ,ਆਲੂ ,ਬੁਖਾਰਾ ਜਾਂ ਆੜੂ ਖਾ ਸਕਦਾ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਜਾਮਣਾ ਖਾ ਖਾ ਕੇ ਢਿੱਡ ਭਰ ਲਿਆ ਜਾਵੇ ਕਿਉਂਕਿ ਜਾਮਣ ਵੀ ਮਿੱਠੀ ਹੁੰਦੀ ਹੈ ।ਸ਼ਹਿਦ ਗੰਨੇ ਦਾ ਰਸ ਮਠਿਆਈਆਂ ਪੇਸਟ੍ਰੀ ਆਈਸਕ੍ਰੀਮ ਕੇਕ ਬੇਕਰੀ ਬਿਸਕੁਟ ਕਾਸਟਰਡ ਤਲੀਆਂ ਚੀਜ਼ਾਂ ਸਮੋਸਾ ਪੂਰੀ ਪਕੌੜੇ ਕਚੌਰੀ ਪਰਾਂਠੇ ਪਾਪੜ ਆਦਿ ਸਭ ਚੀਜ਼ਾਂ ਖਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਇਸ ਤੋਂ ਇਲਾਵਾ ਸੁੱਕੇ ਮੇਵੇ ਦਾਖਾਂ ਖਜੂਰ ਕਾਜੂ ਪਿਸਤਾ ਮੂੰਗਫਲੀ ਕੋਲਡ ਡਰਿੰਕ ਬੋਰਨ ਬੀਟਾ ਡੱਬਾ ਬੰਦ ਵਸਤੂਆਂ ਆਦਿ ਵੀ ਸ਼ੂਗਰ ਦੇ ਮਰੀਜ਼ ਲਈ ਮਾੜੀਆਂ ਮੰਨੀਆਂ ਗਈਆਂ ਹਨ ।ਦੁੱਧ ਵਿੱਚ ਵੀ ਸ਼ੂਗਰ ਜ਼ਿਆਦਾ ਮਾਤਰਾ ਵਿੱਚ ਪਾਈ ਜਾਂਦੀ ਹੈ ਇਸ ਕਰਕੇ ਦੁੱਧ ਦੀ ਥਾਂ ਦਹੀਂ ਅਤੇ ਲੱਸੀ ਪੀਣੀ ਲਾਹੇਵੰਦ ਰਹਿੰਦੀ ਹੈ ਦੁੱਧ ਪੀਣਾ ਹੋਵੇ ਤਾਂ ਮਲਾਈ ਲਾਹ ਕੇ ਪੀਣਾ ਚਾਹੀਦਾ ਹੈ।

## ਸੈਰ ਹੀ ਹੈ ਦਵਾਈ

ਜੇਕਰ ਸੱਚ ਮੰਨਿਆ ਜਾਵੇ ਤਾਂ ਸ਼ੂਗਰ ਦੇ ਮਰੀਜ਼ ਲਈ ਸਭ ਤੋਂ ਵੱਡੀ ਦਵਾਈ ਪਰਹੇਜ਼ ਅਤੇ ਸੈਰ ਹੀ ਹੁੰਦੀ ਹੈ । ਸ਼ੂਗਰ ਦਾ ਮਰੀਜ਼ ਜਿੰਨਾਂ ਵੱਧ ਪ੍ਰਹੇਜ਼ ਕਰੇਗਾ ਉਨਾ ਸ਼ੂਗਰ ਕੰਟਰੋਲ ਵਿੱਚ ਰਹਿੰਦੀ ਹੈ ਅਤੇ ਸ਼ੂਗਰ ਦੇ ਮਰੀਜ਼ ਲਈ ਸੈਰ ਹੀ ਇੱਕੋ ਇੱਕ ਦਵਾਈ ਹੈ ਬਾਕੀ ਦਵਾਈਆਂ ਤਾਂ ਬਾਅਦ ਵਿੱਚ ਹਨ। ਕੀ ਸ਼ੂਗਰ ਨੂੰ ਜੜ੍ਹ ਤੋਂ ਠੀਕ ਕੀਤਾ ਜਾ ਸਕਦਾ ਹੈ ?ਇਹ ਇਕ ਬਹੁਤ ਵੱਡਾ ਸਵਾਲ ਹੈ ਜੋ ਕਿ ਹਰ ਮਰੀਜ਼ ਹਰ ਡਾਕਟਰ ਤੋਂ ਜ਼ਰੂਰ ਪੁੱਛਦਾ ਹੈ ਕਿ ਕੀ ਮੇਰੀ ਸ਼ੂਗਰ ਜੜ ਤੋਂ ਠੀਕ ਹੋ ਸਕਦੀ ਹੈ ਜੇਕਰ ਦੇਖਿਆ ਜਾਵੇ ਤਾਂ ਸ਼ੂਗਰ ਰੋਗ ਨੂੰ ਜੜ੍ਹ ਤੋਂ ਠੀਕ ਕੀਤਾ ਹੀ ਨਹੀਂ ਜਾ ਸਕਦਾ ਭਾਵੇਂ ਉਹ ਕਿਸੇ ਵੀ ਪੈਥੀ ਵਿੱਚ ਹੋਵੇ ।ਬਹੁਤ ਸਾਰੇ ਵੈਦ ਡਾਕਟਰ ਇਹ ਦਾਅਵਾ ਕਰਦੇ ਹਨ ਕਿ ਅਸੀਂ ਸ਼ੂਗਰ ਨੂੰ ਜੜ ਤੋਂ ਠੀਕ ਕਰ ਦਿੰਦੇ ਹਾਂ ਪਰ ਅਸਲੀਅਤ ਤੋਂ ਕੋਹਾਂ ਦੂਰ ਹੈ ਜਦੋਂ ਪੈਨਕਰੀਆਜ਼ ਦੇ ਵਿੱਚੋਂ ਇਨਸੂਲਿਨ ਹਾਰਮੋਨ ਪੈਦਾ ਹੋਣਾ ਹੀ ਹਟ ਜਾਵੇ ਤਾਂ ਉਹ ਬਿਨਾਂ ਦਵਾਈ ਤੋਂ ਠੀਕ ਹੋ ਹੀ ਨਹੀਂ ਸਕਦਾ ਸ਼ੂਗਰ ਨੂੰ ਸਿਰਫ ਤੇ ਸਿਰਫ ਕੰਟਰੋਲ ਕੀਤਾ ਜਾ ਸਕਦਾ ਹੈ ।ਜਿਹੜੇ ਪਰਿਵਾਰਾਂ ਵਿੱਚ ਪਹਿਲਾਂ ਤੋਂ ਹੀ ਸ਼ੂਗਰ ਪੀੜ੍ਹੀ ਦਰ ਪੀੜ੍ਹੀ ਚੱਲੀ ਆ ਰਹੀ ਹੋਵੇ ਉਨ੍ਹਾਂ ਨੂੰ ਆਪਣੇ ਬਚਾਅ ਲਈ ਪਹਿਲਾਂ ਤੋਂ ਹੀ ਮਿੱਠੀਆਂ ਚੀਜ਼ਾਂ ਬੰਦ ਕਰ ਦੇਣੀ ਚਾਹੀਦੀਆਂ ਹਨ ਅਤੇ ਵਜ਼ਨ ਨੂੰ ਕੰਟਰੋਲ ਵਿੱਚ ਰੱਖਣਾ ਚਾਹੀਦਾ ਹੈ ਲੋੜ ਅਨੁਸਾਰ ਸੈਰ ਕਰਨੀ ਚਾਹੀਦੀ ਹੈ ਅਤੇ ਜਿੱਥੋਂ ਤੱਕ ਹੋ ਸਕੇ ਤਣਾਅ ਰਹਿਤ ਜੀਵਨ ਜੀਣਾ ਚਾਹੀਦਾ ਹੈ।



# ਗੋਲਡੀ ਬਰਾੜ 25 ਲੋੜੀਂਦੇ ਗੈਂਗਸਟਰਾਂ ਦੀ ਸੂਚੀ ਵਿਚ ਨਾਮਜ਼ਦ

ਟੋਰਾਂਟੋ-ਕੈਨੇਡਾ ਸਰਕਾਰ ਨੇ ਸਤਿੰਦਰ ਸਿੰਘ ਬਰਾੜ ਉਰਫ਼ ਗੋਲਡੀ ਬਰਾੜ (29), ਜੋ ਮਕਬੂਲ ਗਾਇਕ-ਸਿਆਸਤਦਾਨ ਸਿੱਧੂ ਮੂਸੇਵਾਲਾ ਦੀ ਹੱਤਿਆ ਦਾ ਕਥਿਤ ਸਾਜ਼ਿਸ਼ਘਾੜਾ ਹੈ, ਨੂੰ ਸਿਖਰਲੇ 25 ਲੋੜੀਂਦੇ ਗੈਂਗਸਟਰਾਂ ਦੀ ਸੂਚੀ ਵਿੱਚ ਨਾਮਜ਼ਦ ਕੀਤਾ ਹੈ। ਇਨ੍ਹਾਂ ਖ਼ਤਰਨਾਕ ਗੈਂਗਸਟਰਾਂ ਦੀ ਕੈਨੇਡਾ ਪੁਲੀਸ ਨੂੰ ਬੇਸਬਰੀ ਨਾਲ ਭਾਲ ਹੈ। ਨਵੀਂ ਦਿੱਲੀ ਸਥਿਤ ਕੈਨੇਡੀਅਨ ਹਾਈ ਕਮਿਸ਼ਨ ਨੇ ਇਕ ਬਿਆਨ ਵਿੱਚ ਕਿਹਾ ਕਿ ਭਾਰਤ ਨੇ ਜੂਨ 2022 ਵਿੱਚ ਗੋਲਡੀ ਬਰਾੜ ਖਿਲਾਫ਼ ਇੰਟਰਪੋਲ ਦਾ ਰੈੱਡ ਨੋਟਿਸ ਹਾਸਲ ਕੀਤਾ ਸੀ, ਜਿਸ ਮਗਰੋਂ ਰੋਇਲ ਕੈਨੇਡੀਅਨ ਮਾਊਂਟਿਡ ਪੁਲੀਸ ਨੂੰ ਲਾਰੈਂਸ ਬਿਸ਼ਨੋਈ ਗਰੋਹ ਨਾਲ ਸਬੰਧਤ ਪੰਜਾਬ ਮੂਲ ਦੇ ਗੈਂਗਸਟਰ ਦੀ ਤਲਾਸ਼ ਹੈ। ਕੈਨੇਡੀਅਨ ਪੁਲੀਸ ਵਲੋਂ ਟੋਰਾਂਟੋ ਦੇ ਯੌਂਗੇ-ਡੁੰਡਾਸ ਚੌਰਾਹੇ 'ਤੇ ਬਰਾੜ ਸਣੇ 25 ਭਗੌੜਿਆਂ ਦੇ ਕੱਟਆਊਟ ਲਾਏ ਗਏ ਹਨ। ਬਰਾੜ ਉੱਤੇ ਭਾਰਤ ਵਿੱਚ ਕਤਲ, ਇਰਾਦਾ ਕਤਲ, ਕਤਲ ਦੀ ਸਾਜ਼ਿਸ਼ ਘੜਨ ਤੇ ਗੈਰਕਾਨੂੰਨੀ ਹਥਿਆਰਾਂ ਦੀ ਤਸਕਰੀ ਦੇ ਦੋਸ਼ ਹੇਠ ਕੇਸ ਦਰਜ ਹਨ। ਕੈਨੇਡੀਅਨ ਪੁਲੀਸ ਵੱਲੋਂ ਜਾਰੀ ਸੂਚੀ ਵਿੱਚ ਗੋਲਡੀ ਬਰਾੜ ਦਾ ਨਾਮ 15ਵੀਂ ਥਾਵੇਂ ਹੈ, ਪਰ ਉਸ ਦੇ ਸਿਰ 'ਤੇ ਕੋਈ ਇਨਾਮ ਨਹੀਂ ਰੱਖਿਆ ਗਿਆ। ਬਰਾੜ, ਜੋ ਸਾਲ 2017 ਵਿੱਚ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਪਹੁੰਚਿਆ ਸੀ, ਨੇ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੇ 29 ਮਈ 2022 ਨੂੰ ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿੱਚ ਹੋਏ ਕਤਲ ਦੀ ਜ਼ਿੰਮੇਵਾਰੀ ਲਈ ਸੀ। ਗੈਂਗਸਟਰ 'ਤੇ ਦੋਸ਼ ਹੈ ਕਿ ਉਸ ਨੇ ਬਹੁਤੇ ਅਪਰਾਧ ਕੈਨੇਡਾ ਵਿੱਚ ਰਹਿ ਕੇ ਹੀ ਕੀਤੇ ਹਨ ਤੇ ਇਹ ਸਾਰੇ ਜਾਂਚ ਅਧੀਨ ਹਨ। ਬਿਆਨ ਮੁਤਾਬਕ ਕੈਨੇਡਾ ਪੁਲੀਸ ਨੇ ਅਜੇ ਤੱਕ ਉਸ ਖਿਲਾਫ਼ ਕੋਈ ਅਪਰਾਧਿਕ ਦੋਸ਼ ਨਹੀਂ ਲਾਇਆ।




ਗੋਲਡੀ ਬਰਾੜ ਪੰਜਾਬ ਦੇ ਮੁਕਤਸਰ ਨਾਲ ਸਬੰਧਤ ਹੈ। ਇੰਟਰਪੋਲ ਵੱਲੋਂ ਜਾਰੀ ਨੋਟਿਸਾਂ ਤਹਿਤ ਮੈਂਬਰ ਮੁਲਕਾਂ ਦੀ ਪੁਲੀਸ ਨੂੰ ਅਪਰਾਧ ਨਾਲ ਸਬੰਧਤ ਲੋੜੀਂਦੀ ਅਹਿਮ ਜਾਣਕਾਰੀ ਸਾਂਝੀ ਕਰਨ ਲਈ ਕਿਹਾ ਜਾਂਦਾ ਹੈ। ਰੈੱਡ ਨੋਟਿਸ ਦੇ ਮਾਮਲੇ ਵਿੱਚ, ਸਬੰਧਤ ਵਿਅਕਤੀ ਮੁਕੱਦਮਾ ਚਲਾਉਣ ਲਈ ਜਾਂ ਗ੍ਰਿਫਤਾਰੀ ਵਾਰੰਟ ਜਾਂ ਅਦਾਲਤ ਦੇ ਫੈਸਲੇ ਦੇ ਅਧਾਰ 'ਤੇ ਸਜ਼ਾ ਕੱਟਣ ਲਈ ਰਾਸ਼ਟਰੀ ਅਧਿਕਾਰ ਖੇਤਰਾਂ ਦੁਆਰਾ ਲੋੜੀਂਦੇ ਹਨ। ਕੈਨੇਡਾ ਵਿੱਚ ਇੰਟਰਪੋਲ ਦਾ ਰੈੱਡ ਨੋਟਿਸ ਸਥਾਨਕ ਪੁਲੀਸ ਨੂੰ ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਦੀ ਅਥਾਰਿਟੀ ਨਹੀਂ ਦਿੰਦਾ। ਕਿਸੇ ਵਿਅਕਤੀ ਵਿਸ਼ੇਸ਼ ਨੂੰ ਉਦੋਂ ਹੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ ਜਦੋਂ ਉਸ ਖਿਲਾਫ਼ ਕੋਈ ਵਾਜਬ ਅਧਾਰ ਹੋਵੇ ਕਿ ਉਸ ਨੇ ਕੈਨੇਡਾ ਵਿਚ ਕੋਈ ਅਪਰਾਧ ਕੀਤਾ ਹੈ ਜਾਂ ਫਿਰ ਉਸ ਖਿਲਾਫ਼ ਕੈਨੇਡੀਅਨ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਵੇ। ਬਿਆਨ ਵਿੱਚ ਕਿਹਾ ਗਿਆ ਕਿ ਬਰਾੜ ਵੱਲੋਂ ਭਾਰਤ ਵਿੱਚ ਕੀਤੇ ਕਥਿਤ ਅਪਰਾਧ ਕਾਫ਼ੀ ਗੰਭੀਰ ਹਨ ਤੇ 'ਅਜਿਹਾ ਮੰਨਣਾ ਹੈ ਕਿ ਬਰਾੜ ਕੈਨੇਡਾ ਵਿੱਚ ਹੈ ਤੇ ਉਹ ਲੋਕਾਂ ਦੀ ਸੁਰੱਖਿਆ ਲਈ ਜੋਖ਼ਮ ਖੜ੍ਹਾ ਕਰ ਸਕਦਾ ਹੈ।" ਪਿਛਲੇ ਸਾਲ ਮਾਨਸਾ ਕੋਰਟ ਵਿੱਚ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਦਾਇਰ 1850 ਸਫਿਆਂ ਦੀ ਚਾਰਜਸ਼ੀਟ ਵਿੱਚ ਗੋਲਡੀ ਬਰਾੜ ਦਾ ਵੀ ਨਾਮ ਸ਼ਾਮਲ ਹੈ। ਚਾਰਜਸ਼ੀਟ ਵਿੱਚ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਤੇ ਜੱਗੂ ਭਗਵਾਨਪੁਰੀਆ ਤੋਂ ਇਲਾਵਾ ਦਰਜਨਾਂ ਹੋਰਨਾਂ ਨੂੰ ਨਾਮਜ਼ਦ ਕੀਤਾ ਗਿਆ ਹੈ। ਗੈਂਗਸਟਰ ਵਿਰੋਧੀ ਟਾਸਕ ਫੋਰਸ ਦੇ ਮੁਖੀ ਪ੍ਰਮੋਦ ਬਾਨ ਦੀ ਅਗਵਾਈ ਵਾਲੀ 'ਸਿੱਟ' ਵੱਲੋਂ ਮੂਸੇਵਾਲਾ ਕਤਲ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ। ਬਾਨ ਨੇ ਕਿਹਾ ਸੀ ਕਿ ਬਿਸ਼ਨੋਈ, ਜੋ ਮੁੱਖ ਸਾਜ਼ਿਸ਼ਘਾੜਾ ਹੈ, ਨੇ ਕਬੂਲਿਆ ਸੀ।

ROHITA PANNU
LAW CORPORATION
BARRISTER & SOLICITOR




SERVICES
- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8

## ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕਤਲ ਕੇਸ ਵਿਚ ਕਬੱਡੀ ਪ੍ਰੋਮੋਟਰ ਸੁਰਜਨ ਸਿੰਘ ਚੱਠਾ ਗ੍ਰਿਫਤਾਰ

ਜਲੰਧਰ-ਇੱਥੋਂ ਦੀ ਦਿਹਾਤੀ ਪੁਲੀਸ ਨੇ ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਸਿੰਘ ਸੰਧੂ ਉਰਫ਼ ਸੰਦੀਪ ਨੰਗਲ ਅੰਬੀਆਂ ਦੇ ਕਤਲ ਮਾਮਲੇ ਵਿੱਚ ਇੱਕ ਐਨਆਰਆਈ ਅਤੇ ਉੱਤਰੀ ਭਾਰਤੀ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਜਣ ਸਿੰਘ ਚੱਠਾ ਨੂੰ ਉਸ ਦੇ ਘਰੋਂ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਚੱਠਾ ਨੂੰ ਫੜਨ ਲਈ ਸਵੇਰੇ ਹੀ ਛਾਪਾ ਮਾਰਿਆ ਤੇ ਸਿਵਲ ਕੱਪੜਿਆਂ ਵਿੱਚ ਪੁਲੀਸ ਮੁਲਾਜ਼ਮਾਂ ਨੇ ਗ੍ਰਿਫ਼ਤਾਰ ਕੀਤਾ। ਚੱਠਾ ਦੇ ਪਰਿਵਾਰਕ ਮੈਂਬਰ ਇਸ ਕਾਰਵਾਈ ਦਾ ਵਿਰੋਧ ਕਰਦੇ ਰਹੇ ਤੇ ਉਸ ਨੂੰ ਫੜਨ ਦਾ ਕਾਰਨ ਪੁੱਛਦੇ ਰਹੇ। ਸਿਵਲ ਕੱਪੜਿਆਂ ਵਿੱਚ ਪੁਲੀਸ ਅਧਿਕਾਰੀਆਂ ਦਾ ਚੱਠਾ ਦੀ ਗ੍ਰਿਫ਼ਤਾਰੀ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਤਾਂ ਬਾਅਦ ਵਿੱਚ ਪੁਲੀਸ ਨੇ ਇਸ ਖ਼ਬਰ ਦੀ ਪੁਸ਼ਟੀ ਕੀਤੀ। ਜਲੰਧਰ ਦਿਹਾਤੀ ਪੁਲੀਸ ਦੇ ਐੱਸਐੱਸਪੀ ਮੁਖਵਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਸੁਰਜਣ ਸਿੰਘ ਚੱਠਾ ਨੂੰ ਧਾਰਾ 120 (ਬੀ) ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ 14 ਮਾਰਚ ਨੂੰ ਜਲੰਧਰ ਦੇ ਪਿੰਡ ਮੱਲੀਆਂ 'ਚ ਕਬੱਡੀ ਟੂਰਨਾਮੈਂਟ ਦੌਰਾਨ ਪੰਜ ਅਣਪਛਾਤੇ ਹਮਲਾਵਰਾਂ ਨੇ ਨੰਗਲ ਅੰਬੀਆਂ ਦੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਪੰਜਾਬ ਪੁਲੀਸ ਨੇ ਇਸ ਕੇਸ ਵਿੱਚ ਨੌਂ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਸੰਦੀਪ ਦੇ ਕਤਲ ਦੇ ਮੁੱਖ ਸਾਜ਼ਿਸਕਰਤਾ ਦੇ ਤੌਰ 'ਤੇ ਤਿੰਨ ਜਣਿਆਂ ਦੇ ਨਾਂ ਵੀ ਲਏ ਹਨ। ਇਨ੍ਹਾਂ ਵਿੱਚ ਸਨਾਵਰ ਢਿੱਲੋਂ ਜੋ ਕੈਨੇਡਾ ਵਿੱਚ ਰਹਿੰਦਾ ਹੈ। ਮੋਗਾ ਦੇ ਪਿੰਡ ਦੁੱਨੇਕੇ ਦਾ ਰਹਿਣ ਵਾਲਾ ਸੁਖਵਿੰਦਰ ਸਿੰਘ ਉਰਫ਼ ਸੁੱਖਾ ਦੁੱਨੇਕੇ ਉਰਫ਼ ਸੁੱਖ ਸਿੰਘ ਜੋ ਪਿਛਲੇ ਕੁਝ ਸਾਲਾਂ ਤੋਂ ਕੈਨੇਡਾ ਵਿੱਚ ਰਹਿ ਰਿਹਾ ਹੈ। ਇਸ ਤੋਂ ਇਲਾਵਾ ਜਗਜੀਤ ਸਿੰਘ ਉਰਫ਼ ਗਾਂਧੀ ਵਾਸੀ ਡੇਹਲੋਂ, ਲੁਧਿਆਣਾ ਜੋ ਮਲੇਸ਼ੀਆ ਵਿੱਚ ਰਹਿੰਦਾ ਹੈ।

## ਪੋਰਟਲੈਂਡ ਵਿਚ ਦੋ ਸਕੇ ਭਰਾਵਾਂ ਦਾ ਕਤਲ

ਪੋਰਟਲੈਂਡ-ਅਮਰੀਕਾ ਦੇ ਪੋਰਟਲੈਂਡ ਸ਼ਹਿਰ ਦੇ ਇੱਕ ਸ਼ਾਪਿੰਗ ਮਾਲ ਦੇ ਬਾਹਰ ਕਪੂਰਥਲਾ ਜ਼ਿਲ੍ਹੇ ਨਾਲ ਸਬੰਧਤ ਦੋ ਸਕੇ ਭਰਾਵਾਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮ੍ਰਿਤਕਾਂ ਦੀ ਪਛਾਣ ਦਿਲਰਾਜ ਸਿੰਘ ਦੀਪੀ (31) ਅਤੇ ਉਸ ਦੇ ਛੋਟੇ ਭਰਾ ਗੋਰਾ (26) ਵਜੋਂ ਹੋਈ ਹੈ। ਇਹ ਸੁਲਤਾਨਪੁਰ ਲੋਧੀ ਦੇ ਪਿੰਡ ਬਿਧੀਪੁਰ ਦੇ ਰਹਿਣ ਵਾਲੇ ਸਨ। ਦੀਪੀ ਪਿਛਲੇ 10 ਸਾਲਾਂ ਤੋਂ ਅਮਰੀਕਾ 'ਚ ਰਹਿ ਰਿਹਾ ਸੀ। ਉਹ ਉੱਥੇ ਇੱਕ ਜਨਰਲ ਸਟੋਰ ਚਲਾ ਰਹੇ ਸਨ। ਸ਼ੱਕ ਪ੍ਰਗਟਾਇਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਮਾਰਨ ਵਾਲਾ ਵਿਅਕਤੀ ਵੀ ਕਪੂਰਥਲਾ ਜ਼ਿਲ੍ਹੇ ਦੇ ਕਾਂਜਲੀ ਪਿੰਡ ਦਾ ਰਹਿਣ ਵਾਲਾ ਹੈ।

## ਕੈਨੇਡਾ ਦੇ ਫੈਡਰਲ ਕਾਮਿਆਂ ਦੀ ਹੜਤਾਲ ਸਮਾਪਤ

ਟੋਰਾਂਟੋ-ਕੈਨੇਡਾ ਸਰਕਾਰ ਅਤੇ ਲੋਕ ਸੇਵਾ ਗੱਠਜੋੜ (ਯੂਨੀਅਨ) ਵਿਚਾਲੇ ਮੰਗਾਂ ਸਬੰਧੀ ਸਮਝੌਤਾ ਹੋਣ ਮਗਰੋਂ 1,20,000 ਕਾਮੇ ਕੰਮ 'ਤੇ ਪਰਤ ਆਏ ਹਨ ਪਰ ਕੈਨੇਡਾ ਰੈਵੇਨਿਊ ਏਜੰਸੀ (ਸੀਆਰਏ) ਦੇ 35,000 ਕਾਮੇ ਹਾਲੇ ਹੜਤਾਲ 'ਤੇ ਹੀ ਹਨ। ਚਾਰ ਕੇਂਦਰੀ ਵਿਭਾਗਾਂ ਦੇ ਡੇਢ ਲੱਖ ਤੋਂ ਵੱਧ ਕਾਮੇ 25 ਅਪਰੈਲ ਤੋਂ ਹੜਤਾਲ 'ਤੇ ਸਨ ਅਤੇ ਆਪਣੇ ਦਫਤਰਾਂ ਅੱਗੇ ਰੋਸ ਮੁਜ਼ਾਹਰੇ ਕਰ ਰਹੇ ਸਨ। ਹੜਤਾਲੀ ਮੁਲਾਜ਼ਮਾਂ ਦੀ ਜਥੇਬੰਦੀ ਪਬਲਿਕ ਸਰਵਿਸ ਅਲਾਇੰਸ ਆਫ਼ ਕੈਨੇਡਾ ਅਤੇ ਟਰੈਜ਼ਰੀ ਬੋਰਡ ਵਿਚਾਲੇ ਸਮਝੌਤਾ ਹੋ ਗਿਆ ਹੈ ਜਿਸ ਦੇ ਮੱਦੇਨਜ਼ਰ ਹੜਤਾਲੀ ਕਾਮੇ ਕੰਮ 'ਤੇ ਪਰਤ ਆਉਣਗੇ। ਕੈਨੇਡਾ ਸਰਕਾਰ ਨੇ ਸੋਮਵਾਰ ਨੂੰ 120,000 ਫੈਡਰਲ ਕਾਮਿਆਂ ਨਾਲ ਸਮਝੌਤਾ ਕੀਤਾ ਹੈ, ਜਿਸ ਤਹਿਤ ਤਿੰਨ ਸਾਲਾਂ ਦੌਰਾਨ ਤਨਖਾਹਾਂ ਵਿੱਚ 13.5 ਫੀਸਦ ਦੀ ਥਾਂ 12.5 ਫੀਸਦ ਦਾ ਵਾਧਾ ਹੋਵੇਗਾ। ਹੜਤਾਲ ਕਰਕੇ ਕਰੀਬ ਦੋ ਹਫ਼ਤਿਆਂ ਤੋਂ ਪਾਸਪੋਰਟ ਤੋਂ ਲੈ ਕੇ ਇਮੀਗ੍ਰੇਸ਼ਨ ਤੱਕ ਸੇਵਾਵਾਂ ਠੱਪ ਸਨ। ਕੈਨੇਡਾ ਵਿੱਚ ਅੱਜ ਦਫ਼ਤਰ ਖੁੱਲ੍ਹਣ ਮੌਕੇ ਸਰਵਿਸ ਕੈਨੇਡਾ ਅਤੇ ਪਾਸਪੋਰਟ ਦਫਤਰਾਂ ਅੱਗੇ ਲੰਮੀਆਂ ਲਾਈਨਾਂ ਲੱਗ ਗਈਆਂ। ਇਸ ਦੌਰਾਨ ਸਮਾਜਿਕ ਵਿਕਾਸ ਮੰਤਰੀ ਕਰੀਨਾ ਗੋਲਡ ਨੇ ਕਿਹਾ ਹੈ ਕਿ ਲੋਕ ਕਾਹਲੀ ਨਾ ਕਰਨ। ਜਲਦੀ ਹੀ ਕੰਮ ਦੀ ਰਫ਼ਤਾਰ ਪਹਿਲਾਂ ਵਾਂਗ ਬਣ ਜਾਵੇਗੀ। ਉਨ੍ਹਾਂ ਕਿਹਾ ਕਿ ਦੋ ਹਫਤੇ ਦੀ ਰੁਕਾਵਟ ਕਾਰਨ ਫਾਈਲਾਂ ਦੇ ਢੇਰ ਲੱਗੇ ਹੋਏ ਹਨ, ਜਿਸ ਕਰਕੇ ਆਮ ਵਰਗੀ ਸਥਿਤੀ ਬਣਨ 'ਚ ਕੁੱਝ ਸਮਾਂ ਲੱਗੇਗਾ। ਸਰਵਿਸ ਕੈਨੇਡਾ ਦੇ ਬੁਲਾਰੇ ਨੇ ਦੱਸਿਆ ਕਿ ਹੜਤਾਲ ਦੌਰਾਨ ਨਵੇਂ ਪਾਸਪੋਰਟਾਂ ਦੀਆਂ 27,900 ਦਰਖਾਸਤਾਂ ਆਈਆਂ ਹਨ। ਆਵਾਸ ਮੰਤਰੀ ਸਿਆਨ ਫਰੇਜ਼ਰ ਨੇ ਦੱਸਿਆ ਕਿ ਹੜਤਾਲ ਨੇ ਇਮੀਗਰੇਸ਼ਨ ਦੇ ਇੱਕ ਲੱਖ ਕੇਸਾਂ ਦੇ ਨਿਬੇੜੇ ਨੂੰ ਪ੍ਰਭਾਵਿਤ ਕੀਤਾ ਹੈ। ਦੋਵਾਂ ਮੰਤਰੀਆਂ ਨੇ ਉਮੀਦ ਪ੍ਰਗਟਾਈ ਕਿ ਅਗਲੇ ਕੁੱਝ ਦਿਨਾਂ ਵਿੱਚ ਫਾਈਲਾਂ ਦੇ ਢੇਰ ਹਲਕੇ ਕਰ ਲਏ ਜਾਣਗੇ। ਉਨ੍ਹਾਂ ਕਿਹਾ ਕਿ ਲੋਕਾਂ ਦੀ ਉਡੀਕ ਘਟਾਉਣ ਲਈ ਕੁਝ ਬਦਲਵੇਂ ਪ੍ਰਬੰਧ ਵੀ ਕੀਤੇ ਜਾਣਗੇ ਤਾਂ ਜੋ ਦਫਤਰਾਂ ਅੱਗੇ ਲੱਗਦੀਆਂ ਲੰਮੀਆਂ ਲਾਈਨਾਂ ਘਟਾਈਆਂ ਜਾ ਸਕਣ।



# ਸਪੈਸ਼ਲ ਸੇਲ !

www.dream-carpets.com

# dream carpets

Shaw FLOORS
Ansonylon
STAINMASTER CARPET
ClearTouch

from $1.98 SF — **Berber** Installed

**Textured Saxony** Installed — from $2.28 SF

**Laminate Floor**
8.3mm thick
25 years warranty
Click Do It Yourself
German technology
.99 cent

**Commercial Carpet**
Starts From .78 cent

**Berber**
Starts From .78 cent

**Area Rug (5x8)**
Starts From $68

## ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

**NOBODY KNOWS FLOORING LIKE DREAM CARPETS**

**SERVING WESTERN CANADA FOR OVER 38 YEARS**



Ashok

### VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00



Perry

### SURREY / DELTA
8385 - 120th Street
604-572-8788
Monday to Saturday
9:00-5:30
Sunday Closed



Butch

### RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ


604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

## ਜੰਗ ਜਿੱਤ ਕੇ ਲਹੌਰ ਮੁੜਨ ਤੇ ਲਹੌਰ ਵਾਸੀਆਂ ਨੇ ਸਰਕਾਰ ਦਾ ਸਨਮਾਨ ਤੇ ਖੁਸ਼ੀ ਕਰਨੀ

1965 ਜੰਗ ਜਿੱਤ ਕੇ ਫ਼ੌਜਾਂ ਲਹੌਰ ਆਈਆਂ, ਪਤਵੰਤੇ ਸ਼ਹਿਰ ਦੇ ਅੱਗੋਂ ਲੈਣ ਆਏ।
ਸਾਨੂੰ ਸਰਕਾਰ ਦੇ ਹੁੰਦਿਆਂ ਭੈ ਨਾ ਹੀ, ਖੁਸ਼ੀ ਆਪਣੇ ਮਨ ਦੀ ਕਹਿਣ ਆਏ।
ਹਾਰ ਪਾ ਸਵਾਗਤੀ ਗੇਟ ਲਾਏ, ਸੋਹਣੇ ਕੱਪੜੇ ਸਭ ਸੀ ਪਹਿਨ ਆਏ।
ਪਿਆਰ ਲੋਕਾਂ ਦਾ ਵੇਖ ਹਰਚੰਦ ਸਿੰਘਾ, ਭਰ ਸਰਕਾਰ ਦੇ ਦੋਵੇਂ ਨੈਣ ਆਏ॥

## ਸ: ਰਣਜੀਤ ਸਿੰਘ ਨੇ ਜੰਮੂ ਅਤੇ ਹੋਰ ਇਲਾਕੇ ਨਾਲ ਰਲਾਉਣੇ

1966 ਸੀਮਾ ਰਾਜ ਦੀ ਹੋਰ ਵਧਾਉਣ ਲਈ, ਜੰਮੂ ਵੱਲ ਨੂੰ ਚਾਲਾ ਪਾ ਦਿੱਤਾ।
ਮੀਰੋਵਾਲ ਤੇ ਜੱਸੜਵਾਲ ਨੂੰ ਸਰ ਕਰਕੇ, ਡੇਰਾ ਜੰਮੂ ਪਾਸ ਜਾ ਲਾ ਦਿੱਤਾ।
ਰਾਜਾ ਜੰਮੂ ਨੂੰ ਇਸ ਦੀ ਖਬਰ ਹੋਈ, ਉਸ ਆਣ ਕੇ ਸੀਸ ਝੁਕਾ ਦਿੱਤਾ।
ਦਿਲਾਵਰ ਗੜ੍ਹ ਤੇ ਸਿਆਲਕੋਟ ਹਰਚੰਦ ਸਿੰਘਾ, ਜਿੱਤ ਲਹੌਰ ਦੇ ਨਾਲ ਮਿਲਾ ਦਿੱਤਾ॥

## 1801 ਈ: ਨੂੰ ਸ: ਰਣਜੀਤ ਸਿੰਘ ਨੂੰ ਮਹਾਰਾਜਗੀ ਮਿਲਣੀ

1967 ਨਵੀਂ ਸਦੀ ਦਾ ਨਵਾਂ ਸਾਲ ਚੜ੍ਹਿਆ, ਦਿਨ ਨਿੱਘਾ ਵਿਸਾਖੀ ਦਾ ਆਇਆ ਏ।
ਪਤਵੰਤੇ ਸੱਜਣਾਂ ਅਤੇ ਹਾਕਮਾਂ ਨੇ, ਮੇਲਾ ਆ ਲਹੌਰ ਵਿੱਚ ਲਾਇਆ ਏ।
ਰਾਜ ਤਿਲਕ ਦੇਣ ਲਈ ਸਾਰਿਆਂ ਨੇ, ਰਣਜੀਤ ਸਿੰਘ ਨੂੰ ਆਣ ਮਨਾਇਆ ਏ।
ਹਰਚੰਦ ਸਿੰਘਾ ਬਾਬਾ ਸਾਹਿਬ ਸਿੰਘ ਨੂੰ, ਇਸ ਕਾਜ ਦੇ ਲਈ ਬੁਲਾਇਆ ਏ॥
1968 ਗੁਰੂਦੁਆਰੇ ਪਾਠਾਂ ਦੇ ਭੋਗ ਪਾਏ, ਗਿਆਨੀ ਗੁਰਮੁਖ ਸਿੰਘ ਨੇ ਕੀਤੀ ਅਰਦਾਸ ਭਾਈ।
ਸੌ ਸਾਲ ਖਾਲਸੇ ਤੇਗ ਵਾਹੀ, ਅੱਜ ਆਈ ਪੰਜਾਬ ਨੂੰ ਰਾਸ ਭਾਈ।
ਸਿੱਖ ਰਾਜ ਦਾ ਥਾਪਨਾ ਮਹਾਰਾਜਾ, ਜਿਸ ਤੋਂ ਪੰਥ ਨੂੰ ਬੜੀ ਹੈ ਆਸ ਭਾਈ।
ਦੀਵਾਨ-ਆਮ ਕਿਲ੍ਹੇ ਵਿਚ ਹਰਚੰਦ ਸਿੰਘਾ, ਰਣਜੀਤ ਸਿੰਘ ਨੂੰ ਸੱਦਿਆ ਪਾਸ ਭਾਈ॥
1969 ਲੈ ਆਗਿਆ ਗੁਰਾਂ ਤੋਂ ਸਾਹਿਬ ਸਿੰਘ ਬਾਬੇ, ਰਣਜੀਤ ਸਿੰਘ ਦੇ ਤਿਲਕ ਸੀ ਲਾ ਦਿੱਤਾ।
ਤਾਜ ਰੱਖਿਆ ਸਰਦਾਰ ਦੇ ਸੀਸ ਉੱਤੇ, ਮਹਾਰਾਜਾ ਰਣਜੀਤ ਸਿੰਘ ਬਣਾ ਦਿੱਤਾ।
ਰਣਜੀਤ ਸਿੰਘ ਨੇ ਅੱਗੇ ਸੰਗਤਾਂ ਦੇ, ਤਾਜ ਵਾਲਾ ਸੀਸ ਝੁਕਾ ਦਿੱਤਾ।
ਹਰਚੰਦ ਸਿੰਘਾ ਜੁੜੀਆਂ ਸੰਗਤਾਂ ਨੇ, ਜੈਕਾਰਾ 'ਸੋ ਨਿਹਾਲ' ਗਜਾ ਦਿੱਤਾ॥
1970 ਰਾਜ-ਭਾਗ ਦੀ ਬਣੀ ਰੂਪ-ਰੇਖਾ, ਸਿੱਖ-ਰਾਜ ਦਾ ਸਿੱਕਾ ਚਲਾਇਆ ਏ।
ਲਹੌਰ ਬਣੀ ਰਾਜ ਦੀ ਰਾਜਧਾਨੀ, ਸਰਵ-ਸਾਂਝਾ ਰਾਜ ਬਣਾਇਆ ਏ।
ਸਭ ਵਾਸਤੇ ਹੱਕ-ਹਕੂਕ ਇੱਕੋ, ਜਾਤ-ਧਰਮ ਦਾ ਭੇਦ ਮਿਟਾਇਆ ਏ।
ਨਵੀਂ ਸਦੀ ਦੇ ਸਿਰ ਹਰਚੰਦ ਸਿੰਘਾ, ਸਿੱਖ ਰਾਜ ਦਾ ਮੁਕਟ ਟਿਕਾਇਆ ਏ॥
1971 ਯੋਗ ਸਖਸ਼ ਨੂੰ ਯੋਗ ਸਥਾਨ ਦਿੱਤੇ, ਜਾਤ-ਧਰਮ ਦਾ ਨਹੀਂ ਖਿਆਲ ਕੀਤਾ।
ਬਦਲਾਖ਼ੋਰੀ ਨੇੜੇ ਨਾ ਆਣ ਦਿੱਤੀ, ਗੁਣ ਵੇਖ ਕੇ ਬੰਦਾ ਬਹਾਲ ਕੀਤਾ।
ਰਾਖੀ ਸ਼ਹਿਰ ਦੀ ਕਰਨ ਲਈ ਪੁਲਿਸ ਲਾਈ, ਈਮਾਨ ਬਖ਼ਸ ਨੀਯਤ ਕੁਤਬਾਲ ਕੀਤਾ।
ਹਰਚੰਦ ਸਿੰਘਾ ਦਵਾਅ-ਘਰ ਖੋਲ੍ਹੇ, ਨੂਰਦੀਨ ਨੂੰ ਸਿਹਤ ਸੰਭਾਲ ਕੀਤਾ॥

## ਗੁਜਰਾਤ ਅਤੇ ਅਕਾਲਗੜ੍ਹ ਨੂੰ ਸਿੱਖ ਰਾਜ ਵਿੱਚ ਸ਼ਾਮਿਲ ਕਰਨਾ

1972 ਭੰਗੀ ਸਰਦਾਰਾਂ ਤੋਂ ਖੁੱਸ ਲਾਹੌਰ ਗਿਆ, ਉਹੋ ਨਵੀਆਂ ਮੁਸ਼ਕਲਾਂ ਪਾਉਣ ਲੱਗੇ।
ਨਾਲ ਰਲ ਕੇ ਦੋਖੀ ਦੁਸ਼ਮਣਾਂ ਦੇ, ਬਹਿ ਸਾਜਿਸ਼ਾਂ ਉਹ ਰਚਾਉਣ ਲੱਗੇ।
ਕੋਟ-ਕਿਲੇ ਕਰਕੇ ਹੋਰ ਪੱਕੇ, ਫੌਜੀ ਤਾਕਤ ਵੀ ਉਹ ਵਧਾਉਣ ਲੱਗੇ।
ਦਲ ਸਿੰਘ ਅਕਾਲਗੜ੍ਹੀਏ ਨੂੰ, ਹਰਚੰਦ ਸਿੰਘਾ ਨਾਲ ਰਲਾਉਣ ਲੱਗੇ॥
1973 ਰਣਜੀਤ ਸਿੰਘ ਹਰਕਤਾਂ ਵੇਖ ਇਹ, ਸਬਕ ਭੰਗੀਆਂ ਤਾਈਂ ਸਿਖਾਉਣ ਚੱਲਾ।
ਪਾਰਾ ਚੜ੍ਹਿਆ ਉਨ੍ਹਾਂ ਨੂੰ ਚਿਰ ਦਾ ਜੋ, ਉਹੋ ਉਨ੍ਹਾਂ ਦੇ ਖ਼ੂਨ 'ਚੋਂ ਲਾਹੁਣ ਚੱਲਾ॥
ਜੋ ਬੋਲੀ ਉਨ੍ਹਾਂ ਨੂੰ ਸਮਝ ਆਏ, ਉਸੇ ਬੋਲੀ ਦੇ ਵਿੱਚ ਸਮਝਾਉਣ ਚੱਲਾ।
ਹਰਚੰਦ ਸਿੰਘਾ ਕਿੰਨੇ ਮਜ਼ਬੂਤ ਨੇ ਇਹ, ਹੱਥ ਆਪਣੇ ਉਹ ਦਿਖਾਉਣ ਚੱਲਾ॥
1974 ਅੱਗੋਂ ਤੋਪਾਂ ਬੀੜ ਕੇ ਖੜ੍ਹੇ ਭੰਗੀ, ਉੱਚੀ ਥਾਂ ਤੋਂ ਖੋਲ੍ਹੇ ਫਾਇਰ ਭਾਈ।
ਬਜ਼ੁਰਗ ਜਿਨ੍ਹਾਂ ਦੇ ਵੈਰੀਆਂ ਨਾਲ ਲੜਦੇ, ਨਵੀਂ ਪੀੜ੍ਹੀ ਨੇ ਪਾ ਲਿਆ ਵੈਰ ਭਾਈ।
ਪਾਣੀ ਵਿੱਚ ਰਹਿ ਮੱਛਾਂ ਦੇ ਨਾਲ ਖਹੇ, ਉਸ ਜੀਵ ਦੀ ਨਹੀਂ ਹੈ ਖੈਰ ਭਾਈ।
ਹਰਚੰਦ ਸਿੰਘਾ ਮਹਾਰਾਜੇ ਦੀ ਫੌਜ ਅੱਗੇ, ਛੇਤੀ ਹਿੱਲਗੇ ਉਨ੍ਹਾਂ ਦੇ ਪੈਰ ਭਾਈ॥
1975 ਪੇਸ਼ ਗਈ ਨਾ ਜਦੋਂ ਭੰਗੀਆਂ ਦੀ, ਸਾਹ ਉਨ੍ਹਾਂ ਦਾ ਮੁੱਠੀ ਵਿੱਚ ਆਇਆ ਏ।
ਰਾਤੋ ਰਾਤ ਭੇਜ ਲਹੌਰ ਬੰਦਾ, ਬਾਬਾ ਸਾਹਿਬ ਸਿੰਘ ਬੁਲਾਇਆ ਏ।
ਬਾਬੇ ਰਾਹੀਂ ਸਮਝੌਤਾ ਕਰ ਉਨ੍ਹਾਂ, ਹੱਥ ਆਪਣੇ ਕੰਨਾਂ ਨੂੰ ਲਾਇਆ ਏ।
ਹਰਚੰਦ ਸਿੰਘਾ ਸਰਕਾਰ ਨੇ ਬਖ਼ਸ਼ ਦਿੱਤੇ, ਜਗੀਰ ਦੇ ਕੇ ਵੈਰ ਭੁਲਾਇਆ ਏ॥

## ਨਜਾਮੁਦੀਨ ਨਵਾਬ ਕਸੂਰ ਦੇ ਵਲ ਕੱਢਣੇ

1976 ਸ਼ੇਰੇ ਪੰਜਾਬ ਨੂੰ ਸਾਰਾ ਇਲਮ ਹੈ ਸੀ, ਨਜਾਮੁਦੀਨ ਪੁਆੜੇ ਪਾਂਵਦਾ ਏ।
ਪੋਗਾ ਦੇ ਦੇ ਇਹੇ ਭੰਗੀਆਂ ਨੂੰ, ਉਲਟ ਸਾਡੇ ਪਿਆ ਉਕਸਾਂਵਦਾ ਏ।
ਚਾੜ੍ਹ ਫੌਜਾਂ ਸਰਦਾਰ ਕਸੂਰ ਉੱਤੇ, ਐਸਾ ਉਸਨੂੰ ਸਬਕ ਸਖਾਂਵਦਾ ਏ।
ਹਰਚੰਦ ਸਿੰਘਾ ਕੱਢੇ ਵਲ ਸਾਰੇ, ਸਿੱਧਾ ਤੀਰ ਦੇ ਵਾਂਗ ਹੋ ਜਾਂਵਦਾ ਏ॥
1977 ਨਜਾਮੁਦੀਨ ਨੇ ਜਾਨ ਸਲਾਮਤੀ ਲਈ, ਚਿੱਟਾ ਝੰਡਾ ਅੰਤ ਦਖਾਇਆ ਏ।
ਗੋਡੇ ਟੇਕ ਸਰਦਾਰ ਦੀ ਈਨ ਮੰਨੀ, ਕੱਢ ਰੋਕੜਾ ਪੱਲੇ ਪਾਇਆ ਏ।
ਦੇਵਾਂ ਮਾਮਲਾ ਕਰਾਂ ਨਾ ਉਜਰ ਕੋਈ, ਸ਼ਰਨ ਆਪਦੀ ਦਾਸ ਇਹ ਆਇਆ ਏ।
ਹਰਚੰਦ ਸਿੰਘਾ ਸਰਕਾਰ ਨੇ ਜਾਨ ਬਖ਼ਸ਼ੀ, ਦਿਆਵਾਨ ਨੇ ਰਹਿਮ ਕਮਾਇਆ ਏ॥

## ਸਰਦਾਰਨੀ ਸਦਾ ਕੌਰ ਦੀ ਮੁਸ਼ਕਲ ਹੱਲ ਕਰਨੀ

1978 ਫੌਜਾਂ ਜਿੱਤ ਕਸੂਰ ਲਹੌਰ ਮੁੜੀਆਂ, ਹਲਕਾਰਾ ਬੈਠਾ ਬਟਾਲੇ ਤੋਂ ਆ ਭਾਈ।
ਸਦਾ ਕੌਰ ਨੇ ਭੇਜਿਆ ਦੇ ਚਿੱਠੀ, ਦਿੱਤੀ ਸਰਕਾਰ ਨੂੰ ਉਸ ਸੁਣਾ ਭਾਈ।
ਰਾਜਾ ਕਾਂਗੜੇ ਵਾਲਾ ਸੰਸਾਰ ਚੰਦ, ਅੱਖਾਂ ਮੈਨੂੰ ਰਿਹਾ ਦਿਖਾ ਭਾਈ।
ਹਰਚੰਦ ਸਿੰਘਾ ਆਣ ਕੇ ਲੈ ਸਾਰਾ, ਪਿੰਡ ਖੋਹੇ ਜੋ ਮੇਰੇ ਦੁਆ ਪਾਈ॥

## ਸ: ਰਣਜੀਤ ਸਿੰਘ ਨੇ ਬਟਾਲੇ ਵੱਲ ਕੂਚ ਕਰਨਾ

1979 ਖਬਰ ਮਿਲੀ ਸਰਦਾਰ ਨੂੰ ਸਹੁਰਿਆਂ ਤੋਂ, ਫ਼ੌਜਾਂ ਵੱਲ ਬਟਾਲੇ ਦੇ ਚੱਲੀਆਂ ਨੇ।
ਸੰਸਾਰ ਚੰਦ ਨੂੰ ਜਦੋਂ ਭਿਣਕ ਪਈ, ਚਾਰੇ ਚੂਲ੍ਹਾਂ ਦਿਮਾਗ ਦੀਆਂ ਹਿੱਲੀਆਂ ਨੇ।
ਖੁਦ ਚੜ੍ਹ ਕੇ ਸ਼ੇਰੇ ਪੰਜਾਬ ਆਇਆ, ਫ਼ੌਜਾਂ ਵਿੱਚ ਮੈਦਾਨ ਨਾ ਖੱਲੀਆਂ ਨੇ।
ਇਲਾਕਾ ਜਿੱਤ ਕੇ ਸੱਸ ਸਪੁਰਦ ਕੀਤਾ, ਮਨ ਭਾਉਂਦੀਆਂ ਥਾਵਾਂ ਮੱਲੀਆਂ ਨੇ॥

## ਸੁਜਾਨਪੁਰ ਦਾ ਕਿਲ੍ਹਾ ਸਰ ਕਰਨਾ

1980 ਬੁੱਧ ਸਿੰਘ ਤੇ ਸੰਗਤ ਸਿੰਘ ਦੋਵੇਂ, ਸਦਾ ਕੌਰ ਨੂੰ ਬਹੁਤ ਸਤਾਉਣ ਲੱਗੇ।
ਇਲਾਕਾ ਉਸ ਦਾ ਕਰ ਬਰਬਾਦ ਦਿੱਤਾ, ਡਾਕੇ ਦਿਨੇ-ਦਿਹਾੜੇ ਪਾਉਣ ਲੱਗੇ।
ਸਦਾ ਕੌਰ ਨੇ ਕਿਹਾ ਰਣਜੀਤ ਤਾਈਂ, ਬੇਟਾ ਕੱਲੀ ਨੂੰ ਇਹ ਤਕਾਉਣ ਲੱਗੇ।
ਹਰਚੰਦ ਸਿੰਘਾ ਝੱਟ ਰਣਜੀਤ ਸਿੰਘ ਜੀ, ਸੁਜਾਨਪੁਰ ਤੇ ਕਟਕ ਚੜ੍ਹਾਉਣ ਲੱਗੇ॥
1981 ਪਹਿਲੇ ਹੱਲੇ ਕਿਲਾ ਸਰ ਕੀਤਾ, ਦੋ ਤੋਪਾਂ ਕਬਜ਼ੇ ਆਈਆਂ ਨੇ।
ਠਾਣਾ ਆਪਣਾ ਦਿੱਤਾ ਬਿਠਾ ਉੱਥੇ, ਜਗੀਰਾਂ ਦੋਵੇਂ ਸਰਦਾਰਾਂ ਨੂੰ ਜਾਈਆਂ ਨੇ।
ਦੋਵੇਂ ਫੜ ਕੇ ਕਰ ਰਿਹਾ ਦਿੱਤੇ, ਨਾਰਾਂ ਰੰਡੀਆਂ ਨਹੀਂ ਬਹਾਈਆਂ ਨੇ।
ਹਰਚੰਦ ਸਿੰਘਾ ਸ਼ੇਰੇ ਪੰਜਾਬ ਦੀਆਂ, ਚਾਰੇ ਪਾਸੇ ਹੋਣ ਵਡਿਆਈਆਂ ਨੇ॥

## ਸ: ਜੱਸਾ ਸਿੰਘ ਆਹਲੂਵਾਲੀਏ ਦੇ ਭਤੀਜੇ ਸ: ਫਤਿਹ ਸਿੰਘ ਨਾਲ ਸ: ਰਣਜੀਤ ਸਿੰਘ ਨੇ ਪੱਗ-ਵਟਾਂਦਰਾ ਕਰਕੇ ਦੋਸਤੀ ਪੱਕੀ ਕਰਨੀ

1982 ਜੱਸਾ ਸਿੰਘ ਜੀ ਆਹਲੂਵਾਲੀਏ ਨੇ, ਸਾਰਾ ਜੀਵਨ ਪੰਥ ਤੇ ਲਾਇਆ ਏ।
ਰਣਜੀਤ ਸਿੰਘ ਨੇ ਉਸਦੇ ਇਵਜ ਬਦਲੇ, ਫ਼ਤਿਹ ਸਿੰਘ ਨੂੰ ਮੀਤ ਬਣਾਇਆ ਏ।
ਤਰਨਤਾਰਨ ਸੀ ਪੱਗਾਂ ਵਟਾਂ ਲਈਆਂ, ਬਲ ਆਪਣਾ ਹੋਰ ਵਧਾਇਆ ਏ।
ਇਲਾਕਾ ਜਿੱਤ ਕੇ ਬਹੁਤ ਹਰਚੰਦ ਸਿੰਘਾ, ਫ਼ਤਿਹ ਸਿੰਘ ਦੇ ਨਾਮ ਕਰਾਇਆ ਏ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



# ਦੇਸ਼ ਦਾ ਅਨੋਖਾ ਪਿੰਡ, ਜਿੱਥੇ ਰਹਿੰਦੇ ਹਨ ਸਿਰ.ਫ ਬੌਣੇ ਲੋਕ

ਗੁਹਾਟੀ-ਦੁਨੀਆ ਭਰ 'ਚ ਬੌਣੇ ਲੋਕ ਮਿਲ ਜਾਣਗੇ ਪਰ ਕਿਸੇ ਪਿੰਡ 'ਚ ਸਿਰਫ਼ ਬੌਣਿਆਂ ਦਾ ਹੀ ਬਸੇਰਾ ਹੋਵੇ, ਅਜਿਹਾ ਸ਼ਾਇਦ ਹੀ ਕਿਤੇ ਮਿਲੇਗਾ ਪਰ ਅੱਜ ਅਸੀਂ ਤੁਹਾਨੂੰ ਭਾਰਤ ਦੇ ਇਕ ਅਜਿਹੇ ਪਿੰਡ ਬਾਰੇ ਦੱਸਣ ਜਾ ਰਹੇ ਹਾਂ, ਜਿਸ ਵਿੱਚ ਸਿਰਫ਼ ਬੌਣੇ ਲੋਕ ਹੀ ਰਹਿੰਦੇ ਹਨ। ਇਹ ਪਿੰਡ ਸਾਡੇ ਦੇਸ਼ 'ਚ ਹੀ ਮੌਜੂਦ ਹੈ। ਦਰਅਸਲ, ਅਸੀਂ ਗੱਲ ਕਰ ਰਹੇ ਹਾਂ ਅਸਾਮ 'ਚ ਸਥਿਤ ਅਮਾਰ ਪਿੰਡ ਬਾਰੇ। ਇਸ ਪਿੰਡ 'ਚ ਸਿਰਫ਼ 70 ਲੋਕ ਹੀ ਰਹਿੰਦੇ ਹਨ, ਜੋ ਸਾਰੇ ਬੌਣੇ ਹਨ। ਅਮਾਰ ਨਾਂ ਦਾ ਇਹ ਪਿੰਡ ਬੌਣਿਆਂ ਦੇ ਪਿੰਡ ਨਾਲ ਵੀ ਜਾਣਿਆ ਜਾਂਦਾ ਹੈ। ਇੱਥੇ ਸਾਰੇ ਲੋਕ ਇਕ-ਦੂਜੇ ਨਾਲ ਪਿਆਰ ਅਤੇ ਸਨਮਾਨ ਨਾਲ ਰਹਿੰਦੇ ਹਨ। ਇਹ ਪਿੰਡ ਭੂਟਾਨ ਦੀ ਸਰਹੱਦ ਤੋਂ 3-4 ਕਿਲੋਮੀਟਰ ਹੀ ਪਹਿਲਾਂ ਪੈਂਦਾ ਹੈ। ਅਜਿਹਾ ਕਿਹਾ ਜਾਂਦਾ ਹੈ ਕਿ ਸਾਲ 2011 'ਚ ਨੈਸ਼ਨਲ ਸਕੂਲ ਆਫ਼ ਡਰਾਮਾ ਦੇ ਕਲਾਕਾਰ ਪਵਿੱਤਰ ਰਾਭਾ ਨੇ ਇਸ ਪਿੰਡ ਨੂੰ ਵਸਾਇਆ ਸੀ। ਇੱਥੋਂ ਦੇ ਕਿਸੇ ਵੀ ਵਿਅਕਤੀ ਦੀ ਲੰਬਾਈ ਸਾਢੇ 3 ਫੁੱਟ ਤੋਂ ਵੱਧ ਨਹੀਂ ਹੈ। ਇਸ ਪਿੰਡ 'ਚ ਕੋਈ ਆਪਣੀ ਇੱਛਾ ਨਾਲ ਰਹਿਣ ਆਇਆ ਹੈ ਅਤੇ ਕਿਸੇ ਦਾ ਪਰਿਵਾਰ ਉਨ੍ਹਾਂ ਨੂੰ ਇੱਥੇ ਛੱਡ ਕੇ ਚਲਾ ਗਿਆ ਪਰ ਜੋ ਵੀ ਲੋਕ ਇੱਥੇ ਰਹਿੰਦੇ ਹਨ, ਉਹ ਕਾਫੀ ਖ਼ੁਸ਼ ਰਹਿੰਦੇ ਹਨ ਤੇ ਆਪਣੇ ਜੀਵਨ ਤੋਂ ਵੀ ਉਨ੍ਹਾਂ ਨੂੰ ਕੋਈ ਸ਼ਿਕਾਇਤ ਨਹੀਂ ਹੈ। ਇਹ ਸਾਰੇ ਲੋਕ ਇਕ ਥੀਏਟਰ ਗਰੁੱਪ ਵਿੱਚ ਕੰਮ ਕਰਦੇ ਹਨ। ਉਹ ਅਸਾਮ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਪ੍ਰਦਰਸ਼ਨ ਕਰਦੇ ਹਨ। ਇਸ ਪਿੱਛੇ ਪਵਿੱਤਰ ਰਾਭਾ ਦੀ ਕੋਸ਼ਿਸ਼ ਹੈ ਕਿ ਲੋਕ ਸਮਝ ਲੈਣ ਕਿ ਇਹ ਲੋਕ ਵੀ ਆਮ ਲੋਕਾਂ ਵਾਂਗ ਹਨ। ਬਸ, ਉਨ੍ਹਾਂ ਦਾ ਕੱਦ ਬਾਕੀਆਂ ਨਾਲੋਂ ਛੋਟਾ ਹੈ। ਲੋਕਾਂ ਨੂੰ ਉਨ੍ਹਾਂ ਨੂੰ ਬੌਣਾ ਕਹਿਣ ਦੀ ਬਜਾਏ ਉਨ੍ਹਾਂ ਦੇ ਨਾਂ ਨਾਲ ਹੀ ਪੁਕਾਰਨਾ ਚਾਹੀਦਾ ਹੈ। ਅੱਜ ਇਸ ਪਿੰਡ ਵਿੱਚ ਰਹਿਣ ਵਾਲੇ ਛੋਟੇ-ਛੋਟੇ ਲੋਕ ਬੜੇ ਮਸਤੀ ਨਾਲ ਜ਼ਿੰਦਗੀ ਬਤੀਤ ਕਰ ਰਹੇ ਹਨ। ਇਹ ਲੋਕ ਦਿਨ ਵੇਲੇ ਖੇਤੀ ਕਰਦੇ ਹਨ ਅਤੇ ਸ਼ਾਮ ਨੂੰ ਰੰਗਮੰਚ ਦੇ ਕਲਾਕਾਰਾਂ ਵਾਂਗ ਨਜ਼ਰ ਆਉਣ ਲੱਗਦੇ ਹਨ। ਇੱਥੇ ਲਗਭਗ ਹਰ ਰਾਤ ਨਾਟਕ ਹੁੰਦੇ ਹਨ। ਆਸ-ਪਾਸ ਦੇ ਲੋਕ ਵੀ ਇਸ ਨਾਟਕ ਮੰਡਲੀ ਦੇ ਨਾਟਕ ਦੇਖਣ ਆਉਂਦੇ ਹਨ।

# ਅੰਧਵਿਸ਼ਵਾਸ 'ਚ ਫਸ ਕੇ ਕੀਤੀ ਖ਼ੁਦਕੁਸ਼ੀ

## ਕੀਨੀਆ 'ਚ 47 ਲੋਕਾਂ ਦੀ ਭੁੱਖ ਨਾਲ ਮੌਤ

ਨੈਰੋਬੀ-ਅਫਰੀਕੀ ਦੇਸ਼ ਕੀਨੀਆ ਤੋਂ ਇਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਇਸ ਦੇਸ਼ ਵਿੱਚ 45 ਤੋਂ ਵੱਧ ਲੋਕ ਅੰਧਵਿਸ਼ਵਾਸ ਵਿੱਚ ਫਸ ਕੇ ਆਪਣੀ ਜਾਨ ਦੇ ਚੁੱਕੇ ਹਨ। ਦੱਸਿਆ ਜਾ ਰਿਹਾ ਹੈ ਕਿ ਇਕ ਪਾਦਰੀ ਦੇ ਕਹਿਣ 'ਤੇ ਇਨ੍ਹਾਂ ਲੋਕਾਂ ਨੇ ਭੁੱਖੇ ਰਹਿ ਕੇ ਸਮੂਹਿਕ ਖ਼ੁਦਕੁਸ਼ੀ ਕਰ ਲਈ। ਪਾਦਰੀ ਨੇ ਇਨ੍ਹਾਂ ਲੋਕਾਂ ਨੂੰ ਕਿਹਾ ਸੀ ਕਿ ਭੁੱਖੇ ਮਰ ਕੇ ਅਤੇ ਆਪਣੇ ਆਪ ਨੂੰ ਦਫ਼ਨਾਉਣ ਨਾਲ, ਉਹ ਸਵਰਗ ਵਿੱਚ ਜਗ੍ਹਾ ਪ੍ਰਾਪਤ ਕਰਨਗੇ ਅਤੇ ਉੱਥੇ ਯਿਸੂ ਨੂੰ ਮਿਲਣਗੇ। ਇਕ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਪਾਦਰੀ ਦੀ ਸਲਾਹ 'ਤੇ ਕਰੀਬ 47 ਲੋਕਾਂ ਨੇ ਇਕੱਠੇ ਭੁੱਖੇ ਰਹਿ ਕੇ ਖ਼ੁਦਕੁਸ਼ੀ ਕਰ ਲਈ ਹੈ। ਸਥਾਨਕ ਪੁਲਿਸ ਨੇ ਪਾਦਰੀ ਦੀ ਮਲਕੀਅਤ ਵਾਲੀ ਜ਼ਮੀਨ ਤੋਂ ਉਨ੍ਹਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਹਨ। ਕੀਨੀਆ ਦੇ ਸ਼ਾਕਾਹੋਲਾ ਤੋਂ ਪੁਲਿਸ ਨੂੰ ਹੋਰ ਲਾਸ਼ਾਂ ਮਿਲਣ ਕਾਰਨ ਅੰਧਵਿਸ਼ਵਾਸ ਕਾਰਨ ਜਾਨਾਂ ਗੁਆਉਣ ਵਾਲਿਆਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਹੈ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਲੋਕਾਂ ਨੇ ਗੁੱਡ ਨਿਊਜ਼ ਇੰਟਰਨੈਸ਼ਨਲ ਚਰਚ ਦੇ ਪਾਦਰੀ ਦੀ ਸਲਾਹ 'ਤੇ ਸਮੂਹਿਕ ਖ਼ੁਦਕੁਸ਼ੀ ਕੀਤੀ ਹੈ। ਪਿਛਲੇ 3 ਦਿਨਾਂ ਤੋਂ ਕੀਨੀਆ 'ਚ ਸਥਾਨਕ ਪੁਲਿਸ ਵੱਲੋਂ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਮੌਕੇ ਤੋਂ ਬਾਹਰ ਕੱਢਿਆ ਜਾ ਰਿਹਾ ਹੈ। ਕੀਨੀਆ ਦੇ ਮਾਲੰਿਡੀ ਡਿਪਟੀ ਕਾਊਂਟੀ ਪੁਲਿਸ ਮੁਖੀ ਜੌਨ ਕੇਮਬੋਈ ਨੇ ਇਸ ਘਟਨਾ ਬਾਰੇ ਦੱਸਿਆ ਹੈ। ਉਨ੍ਹਾਂ ਕਿਹਾ ਕਿ ਪਾਦਰੀ ਪਾਲ ਮੈਕੇਂਜੀ ਦੀ ਮਾਲਕੀ ਵਾਲੀ ਜ਼ਮੀਨ 'ਤੇ ਹੋਰ ਕਬਰਾਂ ਪੁੱਟੀਆਂ ਜਾਣਗੀਆਂ। ਪਾਦਰੀ ਨੂੰ 14 ਅਪ੍ਰੈਲ ਨੂੰ ਵੱਡੀ ਗਿਣਤੀ ਵਿਚ ਲਾਸ਼ਾਂ ਮਿਲਣ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ। ਜਾਣਕਾਰੀ ਮੁਤਾਬਕ ਗੁਪਤ ਸੂਚਨਾ ਦੇ ਆਧਾਰ 'ਤੇ ਸਥਾਨਕ ਪੁਲਸ ਨੇ ਕੀਨੀਆ ਦੇ ਮਾਲੰਿਡੀ 'ਚ ਪਾਦਰੀ ਦੀ ਜਾਇਦਾਦ 'ਤੇ ਛਾਪਾ ਮਾਰਿਆ। ਇਸ ਦੌਰਾਨ ਪੁਲਿਸ ਨੂੰ ਇੱਕ ਤੋਂ ਬਾਅਦ ਇੱਕ ਲਾਸ਼ਾਂ ਮਿਲਦੀਆਂ ਰਹੀਆਂ। ਕੀਨੀਆ ਡੇਲੀ ਦੀ ਵੈੱਬਸਾਈਟ ਮੁਤਾਬਕ ਪੁਲਸ ਘਟਨਾ 'ਚ ਮਿਲੀਆਂ ਲਾਸ਼ਾਂ ਦੇ ਡੀਐੱਨਏ ਸੈਂਪਲ ਇਕੱਠੇ ਕਰ ਰਹੀ ਹੈ ਤਾਂ ਜੋ ਇਹ ਸਾਬਤ ਕੀਤਾ ਜਾ ਸਕੇ ਕਿ ਲੋਕਾਂ ਦੀ ਮੌਤ ਭੁੱਖਮਰੀ ਕਾਰਨ ਹੋਈ ਹੈ।



# ਜਦੋਂ 50 ਰੁਪਏ ਦੇ ਲਾਲਚ ਵਿਚ ਗੁਆਏ 30 ਲੱਖ

ਨਵੀਂ ਦਿੱਲੀ-ਦਿੱਲੀ ਦੇ ਮਯੂਰ ਵਿਹਾਰ ਥਾਣਾ ਇਲਾਕੇ 'ਚ ਇਕ ਵਿਅਕਤੀ ਇਕ ਵੀਡੀਓ ਲਾਈਕ ਕਰਨ 'ਤੇ 50 ਰੁਪਏ ਮਿਲਣ ਦੇ ਲਾਲਚ 'ਚ ਆ ਗਿਆ। ਠੱਗਾਂ ਨੇ ਉਸ ਨੂੰ 3100 ਰੁਪਏ ਦਿੱਤੇ ਅਤੇ ਉਸ ਤੋਂ ਬਾਅਦ ਉਸਦੇ 30.70 ਲੱਖ ਰੁਪਏ ਠੱਗ ਲਏ। ਪੀੜਤ ਕਾਮਦੇਵ (41) ਦੇ ਵਟਸਐਪ 'ਤੇ ਮੈਸੇਜ ਆਇਆ ਕਿ ਯੂਟਿਊਬ 'ਤੇ ਵੀਡੀਓ ਲਾਈਕ ਅਤੇ ਫਾਲੋਅ ਕਰਨ ਨਾਲ ਇਕ ਵੀਡੀਓ ਦੇ 50 ਰੁਪਏ ਮਿਲਣਗੇ। ਮੁਲਜ਼ਮ ਨੇ ਪੀੜਤ ਨੂੰ 3 ਲਿੰਕ ਭੇਜ ਕੇ ਵੀਡੀਓ ਲਾਈਕ ਕਰਵਾਏ ਅਤੇ 150 ਰੁਪਏ ਦੇ ਦਿੱਤੇ। ਹੁਣ ਪੀੜਤ ਨੂੰ ਟੈਲੀਗ੍ਰਾਮ 'ਤੇ ਆਉਣ ਲਈ ਕਿਹਾ ਗਿਆ। ਉੱਥੇ ਫਿਰ ਪੀੜਤ ਨੂੰ 3 ਵੀਡੀਓ ਲਾਇਕ ਕਰਵਾ ਕੇ 150 ਰੁਪਏ ਦਿੱਤੇ ਗਏ। ਹੁਣ ਪੀੜਤ ਨੂੰ ਗਰੁੱਪ ਟਾਸਕ ਦਿੱਤਾ ਗਿਆ। ਇਸ ਦੇ ਬਦਲੇ 2,000 ਰੁਪਏ ਦੀ ਮੰਗ ਕੀਤੀ ਗਈ। ਇਹ ਟਾਸਕ ਪੂਰਾ ਕਰਨ 'ਤੇ ਪੀੜਤ ਨੂੰ 2800 ਰੁਪਏ ਦਿੱਤੇ ਗਏ। ਹੁਣ ਅਗਲੇ ਟਾਸਕ ਲਈ 5,000 ਮੰਗੇ, ਬਦਲੇ 'ਚ 6800 ਦੇਣ ਦੀ ਗੱਲ ਕਹੀ ਪਰ ਪੀੜਤ ਨੂੰ ਰਕਮ ਵਾਪਸ ਨਹੀਂ ਮਿਲੀ। ਹੁਣ ਮੁਲਜ਼ਮ ਇਸੇ ਤਰ੍ਹਾਂ ਪੀੜਤ ਤੋਂ ਜ਼ਿਆਦਾ ਰੁਪਏ ਲਗਵਾਉਂਦੇ ਰਹੇ ਅਤੇ ਜ਼ਿਆਦਾ ਰਿਟਰਨ ਕਰਨ ਦਾ ਦਾਅਵਾ ਕਰਦੇ ਰਹੇ। 3100 ਰੁਪਏ ਮਿਲਣ ਤੋਂ ਬਾਅਦ ਪੀੜਤ ਨੂੰ ਇਕ ਵੀ ਰੁਪਿਆ ਵਾਪਸ ਨਹੀਂ ਮਿਲਿਆ, ਜਦੋਂ ਕਿ ਮੁਲਜ਼ਮਾਂ ਨੇ ਪੀੜਤ ਨੂੰ ਲਾਲਚ 'ਚ ਫਸਾ ਕੇ ਉਸ ਕੋਲੋਂ ਥੋੜ੍ਹੀ-ਥੋੜ੍ਹੀ ਰਾਸ਼ੀ ਲੈ ਕੁਲ 30.70 ਲੱਖ ਰੁਪਏ ਦਾ ਚੂਨਾ ਲਾ ਦਿੱਤਾ। ਇਸ ਤੋਂ ਬਾਅਦ ਮੁਲਜ਼ਮਾਂ ਨੇ ਆਪਣੇ ਮੋਬਾਇਲ ਬੰਦ ਕਰ ਦਿੱਤੇ, ਜਿਸ ਤੋਂ ਬਾਅਦ ਪੀੜਤ ਨੇ ਸਾਈਬਰ ਥਾਣਾ ਪੁਲਸ ਨੂੰ ਮਾਮਲੇ ਦੀ ਸ਼ਿਕਾਇਤ ਦਿੱਤੀ।



# ਕੱਚੇ ਫਲਾਂ ਤੇ ਸਬਜ਼ੀਆਂ ਦਾ ਜੂਸ ਜ਼ਿਆਦਾ ਮਾਤਰਾ 'ਚ ਲੈਣਾ ਸਰੀਰ ਲਈ ਖਤਰਨਾਕ

ਜਲੰਧਰ-ਡਾਕਟਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਕੱਚੇ ਫਲਾਂ ਅਤੇ ਸਬਜ਼ੀਆਂ ਦਾ ਜੂਸ ਬਣਾ ਕੇ ਸਰੀਰ ਨੂੰ 'ਡਿਟਾਕਸਿਫਾਈ' ਕਰਨਾ ਸਿਹਤ ਦੇ ਦੀਵਾਨਿਆਂ ਲਈ ਨਵਾਂ ਰਿਵਾਜ਼ ਹੋ ਸਕਦਾ ਹੈ ਪਰ ਜੇਕਰ ਇਸਦਾ ਜ਼ਿਆਦਾ ਮਾਤਰਾ ਵਿਚ ਸੇਵਨ ਕੀਤਾ ਜਾਵੇ ਤਾਂ ਇਹ ਸਿਹਤ ਲਈ ਨੁਕਸਾਨਦੇਹ ਸਾਬਿਤ ਹੋ ਸਕਦਾ ਹੈ। ਡਾਕਟਰੀ ਮਾਹਿਰਾਂ ਮੁਤਾਬਕ ਆਮ ਤੌਰ 'ਤੇ ਪਾਰਕਾਂ ਦੇ ਬਾਹਰ ਸਵੇਰ ਦੀ ਸੈਰ ਕਰਨ ਵਾਲਿਆਂ ਅਤੇ ਜਾਗਰਸ ਨੂੰ ਕੱਚੇ ਫਲਾਂ ਅਤੇ ਸਬਜ਼ੀਆਂ ਦਾ ਜੂਸ ਵੇਚਿਆ ਜਾਂਦਾ ਹੈ। ਹਾਲਾਂਕਿ ਲੰਬੇ ਸਮੇਂ ਤੱਕ ਸੇਵਨ ਕਰਨ 'ਤੇ ਇਹ ਹੋਰ ਅੰਗਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਗੁਰਦੇ ਦੀ ਬੀਮਾਰੀ ਤੋਂ ਪੀੜਤ ਲੋਕਾਂ ਲਈ ਵੀ ਇਹ ਹਾਨੀਕਾਰਨ ਹੋ ਸਕਦਾ ਹੈ।



ਇੰਡੀਅਨ ਸਪਾਈਨਲ ਇੰਜਰੀ ਸੈਂਟਰ ਦੇ ਸੀਨੀਅਰ ਕੰਸਲਟੈਂਟ, ਨੇਫਰੋਲਾਜਿਸਟ ਅਤੇ ਕਿਡਨੀ ਟਰਾਂਸਪਲਾਂਟ ਫਿਜੀਸ਼ੀਅਨ ਡਾ. ਰਾਜੇਸ਼ ਗੋਇਲ ਨੇ ਕਿਹਾ ਕਿ ਸਾਈਟ੍ਰਸ ਫਲਾਂ ਦੇ ਨਾਲ-ਨਾਲ ਆਕਸਲੇਟ ਯੁਕਤ ਅਨਾਜ, ਜਿਵੇਂ ਕਿ ਪਾਲਕ ਅਤੇ ਚੁਕੰਦਰ ਦਾ ਸੇਵਨ ਕਰਨ ਨਾਲ ਕਿਡਨੀ ਦੀਆਂ ਸੱਟਾਂ ਦਾ ਖਤਰਾ ਵਧ ਸਕਦਾ ਹੈ ਕਿਉਂਕਿ ਇਸ ਵਿਚ ਵਿਟਾਮਿਨ ਸੀ ਦਾ ਉੱਚ ਪੱਧਰ ਹੁੰਦਾ ਹੈ। ਫਲ ਸਰੀਰ ਵਿਚ ਆਕਸਾਲੇਟ ਦੇ ਐਬਜਰਬੇਸ਼ਨ ਨੂੰ ਵਧਾ ਸਕਦੇ ਹਨ। ਇਸ ਲਈ, ਆਮ ਤੌਰ 'ਤੇ ਆਕਸਲੇਟ ਯੁਕਤ ਅਨਾਜਾਂ ਨੂੰ ਘੱਟ ਮਾਤਰਾ ਵਿਚ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ ਅਤੇ ਖਟੇ ਫਲਾਂ ਨਾਲ ਇਨ੍ਹਾਂ ਦਾ ਸੇਵਨ ਕਰਨ ਤੋਂ ਬਚੋ। ਜਦੋਂ ਤੱਕ ਉਕਤ ਪਦਾਰਥ ਜ਼ਿਆਦਾ ਮਾਤਰਾ ਵਿਚ ਲਿਆ ਜਾਂਦਾ ਹੈ ਤਾਂ ਆਕਸਾਲੇਟ ਕ੍ਰਿਸਟਲ ਗੁਰਦੇ ਵਿਚ ਜਮ੍ਹਾ ਹੋ ਸਕਦਾ ਹੈ ਅਤੇ ਇਹ ਪੱਥਰੀ ਅਤੇ ਹੋਰ ਨੁਕਸਾਨ ਦਾ ਕਾਰਨ ਬਣ ਸਕਦਾ ਹੈ। ਜੋਖਮ ਉਮਰ ਲਿੰਗ ਅਤੇ ਜੱਦੀ ਵਰਗੇ ਕਾਰਕਾਂ 'ਤੇ ਨਿਰਭਰ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਕਿਸੇ ਦੇ ਢਿੱਡ 'ਚ ਦਰਦ, ਪਿਸ਼ਾਬ ਵਿਚ ਖ਼ੂਨ ਆਉਣਾ ਅਤੇ ਪਿਸ਼ਾਬ ਕਰਨ ਵਿਚ ਮੁਸ਼ਕਲ ਵਰਗੇ ਲੱਛਣ ਦਿਖਦੇ ਹਨ, ਤਾਂ ਉਨ੍ਹਾਂ ਨੂੰ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਅਜਿਹੇ ਵਿਚ ਗੰਭੀਰ ਮਾਮਲਿਆਂ ਵਿਚ ਹਸਪਤਾਲ ਵਿਚ ਭਰਤੀ ਹੋਣ ਅਤੇ ਸਰਜਰੀ ਦੀ ਵੀ ਲੋੜ ਹੁੰਦੀ ਹੈ।

# ਹ.ਫਤੇ 'ਚ ਸਿਰ.ਫ ਇਕ ਦਿਨ ਖਾਣਾ ਖਾਂਦੀ ਹੈ ਇਹ ਔਰਤ

ਲੰਡਨ-ਕਈ ਲੋਕ ਜਾਨਵਰਾਂ ਨੂੰ ਪਾਲਣ 'ਚ ਬਹੁਤ ਦਿਲਚਸਪੀ ਰੱਖਦੇ ਹਨ। ਇਹ ਲੋਕ ਜਾਨਵਰਾਂ ਨਾਲ ਆਪਣੇ ਘਰ ਦੇ ਮੈਂਬਰਾਂ ਵਾਂਗ ਪੇਸ਼ ਆਉਂਦੇ ਹਨ। ਅਜਿਹਾ ਹੀ ਇਕ ਸ਼ੌਕ ਇੱਥੇ ਇਕ ਔਰਤ ਨੂੰ ਵੀ ਹੈ, ਜਿਸ ਨੇ ਆਪਣੇ ਘਰ 'ਚ 6 ਬਿੱਲੀਆਂ ਪਾਲ਼ੀਆਂ ਹੋਈਆਂ ਹਨ। ਇਹ ਔਰਤ ਆਪਣੀਆਂ ਬਿੱਲੀਆਂ ਨੂੰ ਕਦੇ ਵੀ ਭੁੱਖਾ ਨਹੀਂ ਰਹਿਣ ਦਿੰਦੀ। 6 ਬਿੱਲੀਆਂ ਵਾਲੇ ਵੱਡੇ ਪਰਿਵਾਰ ਨੂੰ ਪਾਲਣ 'ਚ ਕਦੇ-ਕਦੇ ਔਰਤ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਵੀ ਆਉਂਦੀਆਂ ਹਨ ਤੇ ਉਹ ਖੁਦ ਵੀ ਭੁੱਖੀ ਰਹਿ ਜਾਂਦੀ ਹੈ ਪਰ ਜਾਨਵਰਾਂ ਨੂੰ ਹਮੇਸ਼ਾ ਸਮੇਂ 'ਤੇ ਖਾਣਾ ਦਿੰਦੀ ਹੈ। ਉੱਤਰੀ ਲੰਡਨ 'ਚ ਰਹਿਣ ਵਾਲੀ ਯਾਸਮੇਨ ਕਪਤਾਨ ਇਨ੍ਹੀਂ ਦਿਨੀਂ ਕਾਫੀ ਚਰਚਾ 'ਚ ਹੈ। ਔਰਤ ਨੇ ਹਾਲ ਹੀ 'ਚ ਦਾਅਵਾ ਕੀਤਾ ਕਿ ਉਹ ਹਫ਼ਤੇ ਵਿੱਚ ਸਿਰਫ਼ ਇਕ ਵਾਰ ਹੀ ਖਾਣਾ ਖਾਂਦੀ ਹੈ ਤਾਂ ਕਿ ਉਸ ਦੀਆਂ 6 ਬਿੱਲੀਆਂ ਪੇਟ ਭਰ ਕੇ ਖਾਣਾ ਖਾ ਸਕਣ। ਯੂਨਾਈਟਿਡ ਕਿੰਗਡਮ 'ਚ ਰਹਿਣਾ ਔਰਤ ਲਈ ਬਹੁਤ ਮਹਿੰਗਾ ਹੋ ਰਿਹਾ ਹੈ। ਅਜਿਹੇ 'ਚ ਔਰਤ ਨੂੰ ਖਾਣ-ਪੀਣ ਦਾ ਖਰਚਾ ਚੁਕਾਉਣਾ ਕਾਫੀ ਮੁਸ਼ਕਿਲ ਹੋ ਰਿਹਾ ਹੈ। 46 ਸਾਲ ਦੀ ਯਾਸਮੇਨ ਕਪਤਾਨ ਪਿਛਲੇ ਇਕ ਸਾਲ ਤੋਂ ਹਫ਼ਤੇ 'ਚ ਇਕ ਵਾਰ ਖਾਣਾ ਖਾਣ ਦੀ ਰੁਟੀਨ ਦੀ ਪਾਲਣਾ ਕਰ ਰਹੀ ਹੈ ਤਾਂ ਜੋ ਉਸ ਦੀਆਂ 6 ਬਿੱਲੀਆਂ ਪੇਟ ਭਰ ਕੇ ਖਾਣਾ ਖਾ ਸਕਣ। ਔਰਤ ਨੇ ਦੱਸਿਆ ਕਿ ਮੈਂ ਉਨ੍ਹਾਂ ਨੂੰ ਪਾਉਣ ਲਈ ਕਾਫੀ ਪੈਸਾ ਦਿੱਤਾ ਹੈ। ਇਨ੍ਹਾਂ ਦੀ ਉਮਰ ਜ਼ਿਆਦਾ ਹੈ ਅਤੇ ਅਜਿਹੀ ਸਥਿਤੀ ਵਿੱਚ ਉਨ੍ਹਾਂ ਨੂੰ ਛੱਡਣਾ ਠੀਕ ਨਹੀਂ ਹੈ। ਔਰਤ ਦਾ ਕਹਿਣਾ ਹੈ ਕਿ 60 ਪੌਂਡ ਬਿੱਲੀਆਂ 'ਤੇ ਖਰਚ ਕੀਤੇ ਜਾਂਦੇ ਹਨ। ਔਰਤ ਨੇ ਅੱਗੇ ਕਿਹਾ ਕਿ ਜਦੋਂ ਮੈਨੂੰ ਪੈਸੇ ਮਿਲਦੇ ਹਨ ਤਾਂ ਇਹ ਸਾਰੇ ਉਨ੍ਹਾਂ ਦੇ ਖਾਣੇ 'ਤੇ ਚਲੇ ਜਾਂਦੇ ਹਨ। ਇਹ ਪੈਸਾ ਬਿੱਲੀਆਂ ਦੇ ਕੂੜੇ, ਉਨ੍ਹਾਂ ਦੇ ਖਾਣੇ, ਬਿਸਕੁਟ ਅਤੇ ਦੁੱਧ 'ਤੇ ਜਾਂਦਾ ਹੈ। ਉਸ ਦਾ ਸਾਰਾ ਪੈਸਾ ਇਨ੍ਹਾਂ ਚੀਜ਼ਾਂ ਵਿੱਚ ਚਲਾ ਜਾਂਦਾ ਹੈ। ਔਰਤ ਦਾ ਕਹਿਣਾ ਹੈ ਕਿ ਉਹ ਖਾਣਾ ਖਾਣ ਦੀ ਬਜਾਏ ਆਪਣੀ ਭੁੱਖ ਮਿਟਾਉਣ ਲਈ ਨਾਸ਼ਤੇ, ਦੁਪਹਿਰ ਅਤੇ ਰਾਤ ਦੇ ਖਾਣੇ ਵਿੱਚ ਪੁਦੀਨੇ ਦੀ ਚਾਹ ਪੀਂਦੀ ਹੈ। ਉਨ੍ਹਾਂ ਦੇ ਭੋਜਨ ਵਿੱਚ ਆਮ ਤੌਰ 'ਤੇ ਮਿਰਚ, ਪਿਆਜ਼ ਅਤੇ ਸਲਾਦ ਹੁੰਦੇ ਹਨ। ਔਰਤ ਨੇ ਕਿਹਾ ਕਿ ਮੇਰੇ ਸਾਥੀ ਮੇਰੇ ਲਈ ਬਹੁਤ ਚਿੰਤਤ ਹਨ ਪਰ ਮੈਨੂੰ ਹੁਣ ਇਸ ਦੀ ਆਦਤ ਹੋ ਗਈ ਹੈ। ਮੈਂ ਆਪਣੀਆਂ ਬਿੱਲੀਆਂ ਤੋਂ ਦੂਰ ਨਹੀਂ ਰਹਿਣਾ ਚਾਹੁੰਦੀ। ਉਹ ਮੇਰੇ ਨਾਲ 17 ਸਾਲਾਂ ਤੋਂ ਰਹਿ ਰਹੀਆਂ ਹਨ ਤੇ ਮੈਨੂੰ ਉਨ੍ਹਾਂ ਦੀ ਆਦਤ ਹੈ। ਦੱਸ ਦੇਈਏ ਕਿ ਸਾਲ 2022 ਵਿੱਚ ਔਰਤ ਨੇ ਸਰੀਰਕ ਕਮਜ਼ੋਰੀ ਕਾਰਨ ਨੌਕਰੀ ਛੱਡ ਦਿੱਤੀ ਸੀ। ਔਰਤ ਦਾ ਕਹਿਣਾ ਹੈ ਕਿ ਕੁਝ ਦਿਨਾਂ ਤੋਂ ਮੈਂ ਕੁਝ ਖਾ-ਪੀ ਨਹੀਂ ਰਹੀ। ਮੈਂ ਆਪਣੇ-ਆਪ ਨਾਲ ਖ਼ੁਸ਼ ਰਹਿਣ ਦੀ ਕੋਸ਼ਿਸ਼ ਕਰ ਰਹੀ ਹਾਂ।



# ਐਂਟੀਬਾਇਓਟਿਕ ਦੇ ਮਾੜੇ ਪ੍ਰਭਾਵਾਂ ਨੂੰ ਘੱਟ ਕਰਨ ਲਈ ਵਿਗਿਆਨੀਆਂ ਨੇ ਲੱਭਿਆ ਨਵਾਂ ਤਰੀਕਾ

ਨਵੀਂ ਦਿੱਲੀ-ਵਿਗਿਆਨੀਆਂ ਨੇ ਇਕ ਅਜਿਹਾ ਨਵਾਂ ਤਰੀਕਾ ਲੱਭਿਆ ਹੈ, ਜਿਸ 'ਚ ਐਂਟੀਬਾਇਓਟਿਕ 'ਚ ਇਕ ਸੁਰੱਖਿਆਤਮਕ ਐਂਟੀਡੋਟ ਮਿਲਾਇਆ ਜਾਂਦਾ ਹੈ ਤਾਂ ਕਿ ਦਵਾਈ ਦੇ ਅਸਰ ਨੂੰ ਘੱਟ ਕੀਤੇ ਬਿਨਾਂ ਉਸ ਦੇ ਮਾੜੇ ਪ੍ਰਭਾਵ ਘੱਟ ਹੋ ਸਕਣ। 'ਨੇਚਰ' ਜਨਰਲ 'ਚ ਪ੍ਰਕਾਸ਼ਿਤ ਅਧਿਐਨ 'ਚ ਅੰਤੜੀਆਂ ਦੇ ਸਭ ਤੋਂ ਆਮ ਬੈਕਟੀਰੀਆ 'ਤੇ 144 ਵੱਖ-ਵੱਖ ਐਂਟੀਬਾਇਓਟਿਕ ਦੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ। ਡੈਨਮਾਰਕ ਦੇ ਕੋਪਨਹੇਗਨ 'ਚ 15 ਤੋਂ 18 ਅਪ੍ਰੈਲ ਤੱਕ ਆਯੋਜਿਤ ਇਸ ਸਾਲ ਦੇ 'ਯੂਰਪੀਅਨ ਕਾਂਗਰਸ ਆਫ਼ ਕਲੀਨਿਕਲ ਮਾਈਕ੍ਰੋਬਾਇਲਾਜੀ ਐਂਡ ਇੰਫੈਕਸ਼ਨ ਡਿਜ਼ੀਜ਼' (ਈ.ਸੀ.ਸੀ.ਐੱਮ.ਆਈ.ਡੀ.) 'ਚ ਪੇਸ਼ ਕੀਤੇ ਗਏ ਖੋਜ 'ਚ ਅੰਤੜੀਆਂ ਦੇ ਬੈਕਟੀਰੀਆ 'ਤੇ ਐਂਟੀਬਾਇਓਟਿਕ ਇਲਾਜ ਦੇ ਮਾੜੇ ਪ੍ਰਭਾਵਾਂ ਨੂੰ ਘੱਟ ਕਰਨ 'ਤੇ ਨਵੇਂ ਸਿਰੇ ਤੋਂ ਰੌਸ਼ਨੀ ਪਾਈ ਗਈ ਹੈ। ਜਰਮਨੀ ਦੇ ਬਰਲਿਨ 'ਚ ਮੈਕਸ-ਡੇਲਬਰੁਕ-ਸੈਂਟਰ ਫਾਰ ਮਾਲਿਕਿਊਲਰ ਰਿਸਰਚ ਦੇ ਉਲਰਿਕ ਲੋਬਲ ਨੇ ਕਿਹਾ,"ਵਿਗਿਆਨੀਆਂ ਨੇ ਐਂਟੀਬਾਇਓਟਿਕ ਨਾਲ ਇਕ ਸੁਰੱਖਿਆਤਮਕ ਐਂਟੀਡੋਟ ਮਿਲਾਉਣ ਦਾ ਨਵਾਂ ਤਰੀਕਾ ਲੱਭਿਆ ਹੈ ਤਾਂ ਕਿ ਦਵਾਈ ਦੇ ਪ੍ਰਭਾਵ ਨੂੰ ਘੱਟ ਕੀਤੇ ਬਿਨਾਂ ਅੰਤੜੀਆਂ ਦੇ ਬੈਕਟੀਰੀਆ ਨੂੰ ਸਿਹਤਮੰਦ ਬਣਾਏ ਰੱਖਣ ਅਤੇ ਐਂਟੀਬਾਇਓਟਿਕ ਦੇ ਮਾੜੇ ਪ੍ਰਭਾਵਾਂ ਨੂੰ ਘੱਟ ਕਰਨ 'ਚ ਮਦਦ ਮਿਲ ਸਕੇ।"



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ** **ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ- 604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

***************

ਭਾਰਤ ਵਿੱਚ ਸੇਲ ਮੈਨੇਜਰ, ਰਾਮਦਾਸੀਆ ਸਿੱਖ ਮੇਹਟਨ ਪਰਿਵਾਰ ਨਾਲ ਸੰਬੰਧਤ, ਉਮਰ 29 ਸਾਲ, ਕੱਦ 5'11", ਪੋਸਟ ਗ੍ਰੈਜੂਏਟ, ਸੁੰਦਰ, ਨਸ਼ਿਆਂ ਤੋਂ ਰਹਿਤ ਲੜਕੇ ਲਈ ਪੜ੍ਹੇ-ਲਿਖੇ ਪਰਿਵਾਰ ਦੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀਆਰ/ਵਰਕ ਪਰਮਿਟ ਹੋਲਡਰ, ਪੜ੍ਹੀ-ਲਿਖੀ ਅਤੇ ਸੁੰਦਰ ਹੋਣੀ ਚਾਹੀਦੀ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕੈਨੇਡਾ ਵਿੱਚ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ: 604-505-6176 ਜਾਂ ਈਮੇਲ -wirte2rkj@gmial.com

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਦਚਣਟ ਫਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanid@hotmial.ca

***************

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
Contact: 604-897-1298,
Whatsapp Number: 99-156-52029

***************

INA ਪਰਿਵਾਰ ਵਿਚ ਜੰਮਪਲ, ਜੱਟ ਸਿੱਖ, ਰਪਹਓਨ ਲੜਕੀ, ਉਮਰ 30 ਸਾਲ, ਕੱਦ 5'6", Rural Landlord, ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਹਮ-ਉਮਰ ਜੱਟ ਸਿੱਖ ਵਰ ਦੀ ਲੋੜ ਹੈ। ਵਿਧਰ/ਤਲਾਕਸ਼ੁਦਾ ਵੀ ਵਿਚਾਰ ਅਧੀਨ। ਸੰਪਰਕ: 778-344-3108

***************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋੜ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

***************

### ਲੜਕੀ ਮਿਤੱਰ ਦੀ ਲੋੜ

ਜੱਟ ਸਿੱਖ ਪੰਜਾਬੀ, ਕਲੀਨ ਸ਼ੇਵ 49 ਸਾਲਾਂ 5'-11" ਸਰੀ ਡੇਲਟਾ 'ਚ ਵੈਲ ਸੈਟਲ, ਤਲਾਕਸ਼ੁਦਾ, ਦੋਸਤਾਨਾ ਮਿਜਾਜ਼, ਘੁਮੰਣ ਫਿਰਨ ਦੇ ਸ਼ੌਕੀਨ ਲਈ ਲੜਕੀ ਮਿਤੱਰ ਦੀ ਲੋੜ ਹੈ। ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ।
ਸੰਪਰਕ- 604-720-0449.

***************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(PR) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

***************

ਇੰਡੀਆ ਵਿਚ HDFC ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ : 604-761-8454, 778-837-3502

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।
ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।
ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰਕਰਾਂ ਦੀ ਲੋੜ

S K FRAMING ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਭਾਰਤੀ ਕੁਸ਼ਤੀ ਦਾ ਭਵਿੱਖ ਇਕ ਵਾਰੀ ਫਿਰ ਦਾਅ ਤੇ ਲੱਗਾ...

## ਪਹਿਲਵਾਨਾਂ ਤੇ ਫੈਡਰੇਸ਼ਨ ਦਰਮਿਆਨ ਵਧਦਾ ਟਕਰਾਓ ਭਾਰਤੀ ਖੇਡ ਜਗਤ ਲਈ ਖਤਰੇ ਦੀ ਘੰਟੀ....

**ਡਾ. ਜਤਿੰਦਰ ਸਾਬੀ**
9872978781

ਭਾਰਤ ਦੇ ਹੁਣ ਤੱਕ ਦੇ ਇਤਿਹਾਸ 'ਚ ਸਭ ਤੋਂ ਵੱਡਾ ਅੰਦੋਲਨ ਸਰਕਾਰ ਦੇ ਖਿਲਾਫ ਕਿਸਾਨੀ ਅੰਦੋਲਨ ਸੀ ਤੇ ਉਸ ਤੋਂ ਬਾਦ ਭਾਰਤ ਦੇ ਖੇਡ ਇਤਿਹਾਸ 'ਚ ਇਕ ਦਹਾਕੇ ਬਾਦ ਫਿਰ ਤੋਂ ਵੱਡਾ ਖੇਡ ਅੰਦੋਲਨ ਪਹਿਲਵਾਨਾਂ ਦਾ ਆਇਆ ਹੈ ਤੇ ਇਸ ਤੋਂ



ਪਹਿਲਾਂ 2013 'ਚ ਟੈਨਿਸ ਵਿਚ ਆਇਆ ਸੀ ਤੇ ਚੋਟੀ ਦੇ ਟੈਨਿਸ ਖਿਡਾਰੀਆਂ ਨੇ ਬੁਨਿਆਦੀ ਸਹੂਲਤਾਂ ਦੀ ਘਾਟ ਕਰਕੇ ਦੱਖਣੀ ਕੋਰੀਆ ਦੇ ਖਿਲਾਫ ਦਿੱਲੀ 'ਚ ਡੇਵਿਸ ਕੱਪ 'ਚ ਮੈਚ ਖੇਡਣ ਨੂੰ ਮਨ੍ਹਾਂ ਕਰ ਦਿੱਤਾ ਸੀ ਤੇ ਟੈਨਿਸ ਫੈਡਰੇਸ਼ਨ ਨੇ ਦੂਜੇ ਦਰਜੇ ਦੀ ਟੀਮ ਮੈਚ 'ਚ ਉਤਾਰ ਦਿੱਤੀ ਸੀ ਪਰ ਉਸ ਨੂੰ ਹਾਰ ਹੋਈ ਤੇ ਆਖਿਰਕਾਰ ਟੈਨਿਸ ਸੰਘ ਨੂੰ ਖਿਡਾਰੀਆਂ ਦੀਆਂ ਮੰਗਾਂ ਮੰਨਣੀਆਂ ਪਈਆਂ। ਅਕਸਰ ਕਈ ਵਾਰ ਖ਼ਿਡਾਰੀਆਂ ਦੇ ਖੇਡ ਫੈਡਰੇਸ਼ਨਾਂ 'ਚ ਆਪਸੀ ਟਕਰਾਓ ਵੇਖਣ ਨੂੰ ਮਿਲਦੇ ਹਨ ਤੇ ਕਈ ਮੁੱਦਿਆਂ ਤੇ ਮੱਤਭੇਦ ਵੀ ਹੋ ਜਾਂਦੇ ਹਨ ਪਰ ਜੋ ਇਸ ਵੇਲੇ ਦੇਸ਼ ਦੀ ਰਾਜਧਾਨੀ 'ਚ ਜੰਤਰ ਮੰਤਰ ਵਿਖੇ ਹੋ ਰਿਹਾ ਹੈ ਉਹ ਇਕ ਗੰਭੀਰ ਮੁੱਦਾ ਹੈ ਤੇ ਇਹ ਪਹਿਲੀ ਵਾਰ ਵੇਖਣ ਨੂੰ ਮਿਲਿਆ ਹੈ ਕਿ ਤਿੰਨ ਉਲੰਪਿਕ ਤਗਮਾਂ ਜੇਤੂ ਤੇ ਦੋ ਵਰਲਡ ਚੈਪੀਅਨ ਜੇਤੂ ਪਹਿਲਵਾਨ ਕਿਸੇ ਖਾਸ ਮੁੱਦੇ ਨੂੰ ਲੈ ਕੇ ਧਰਨੇ ਤੇ ਬੈਠਣ ਲਈ ਮਜਬੂਰ ਹੋਣ ਤੇ ਸਰਕਾਰ ਉਨ੍ਹਾਂ ਦੀ ਸੁਣਵਾਈ ਹੀ ਨਾਂ ਕਰੇ, ਕਿਉਂਕੀ ਇਨ੍ਹਾਂ ਨੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਤੇ ਇਕੱਲੇ ਤਾਨਾਸ਼ਾਹੀ ਰਵੱਈਏ ਦੇ ਦੋਸ਼ ਨਹੀ ਸਗੋਂ ਯੌਨ ਸ਼ੋਸ਼ਣ ਦੇ ਵੀ ਗੰਭੀਰ ਦੋਸ਼ ਲਗਾਏ ਹਨ। ਪਰ ਇਸ ਵੇਲੇ ਪਹਿਲਵਾਨਾਂ ਦਾ ਇਹ ਅੰਦੋਲਨ ਦੇਸ਼ ਵਿਆਪੀ ਅੰਦੋਲਨ ਬਣਦਾ ਜਾ ਰਿਹਾ ਹੈ ਤੇ ਦੇਸ਼ ਦੇ ਚੋਟੀ ਦੇ ਖਿਡਾਰੀਆਂ ਨੇ ਪਹਿਲਵਾਨਾਂ ਦਾ ਸਾਥ ਦਿੱਤਾ ਹੈ ਤੇ ਕਈ ਰਾਜਨੇਤਾਵਾਂ ਨੇ ਵੀ ਪਹਿਲਵਾਨਾਂ ਨੂੰ ਆਪਣਾ ਸਮੱਰਥਨ ਇਸ ਮੁੱਦੇ ਤੇ ਦਿੱਤਾ ਹੈ ਪਰ ਸਰਕਾਰ ਇਸ ਮਾਮਲੇ ਤੇ ਪੂਰੀ ਤਰਾਂ ਦੇ ਨਾਲ ਖਾਮੋਸ਼ ਹੈ ਤੇ ਕੇਂਦਰੀ ਖੇਡ ਮੰਤਰਾਲੇ ਨੇ ਇਕ ਕਮੇਟੀ ਗਠਿਤ ਕਰਕੇ ਇਸ ਮਾਮਲੇ ਤੇ ਗੋਗੰਲੂਆਂ ਤੋਂ ਮਿੱਟੀ ਝਾੜਨ ਦੀ ਕੋਸ਼ਿਸ ਜਰੂਰ ਕੀਤੀ ਹੈ ਪਰ ਪਹਿਲਵਾਨਾਂ ਨੇ ਇਸ ਨੂੰ ਨਕਾਰ ਦਿੱਤਾ ਹੈ ਤੇ ਇਸ ਦੇ ਨਾਲ ਹੀ ਭਾਰਤੀ ਉਲੰਪਿਕ ਐਸੋਸੀਏਸ਼ਨ ਦੀ ਪ੍ਰਧਾਨ ਪੀ.ਟੀ.ਊਸ਼ਾ ਤੇ ਨਾਮੀ ਮੁੱਕੇਬਾਜ ਮੈਰੀਕਾਮ ਦੀ ਇਸ ਮਾਮਲੇ ਤੇ ਸਰਕਾਰ ਦਾ ਸਾਥ ਦੇਣ ਤੇ ਕਾਫੀ ਅਲੋਚਨਾਂ ਧਰਨੇ ਤੇ ਬੈਠੇ ਪਹਿਲਵਾਨਾਂ ਨੇ ਕੀਤੀ ਹੈ ਤੇ ਇਕ ਤਰਾਂ ਦੇ ਨਾਲ ਭਾਰਤ ਦੇ ਖਿਡਾਰੀ ਇਸ ਮਾਮਲੇ ਤੇ ਦੋ ਖੇਮਿਆਂ ਦੇ ਵਿਚ ਵੰਡ ਗਏ ਹਨ ਤੇ ਆਖਿਰ ਦਿੱਲੀ ਪੁਲਿਸ ਨੂੰ ਮਾਨਯੋਗ ਸੁਪਰੀਮ ਕੋਰਟ ਦੇ ਦਖਲ ਤੇ ਪ੍ਰਧਾਨ ਦੇ ਖਿਲਾਫ ਦੋ ਐਫ.ਆਈ.ਆਰ ਦਰਜ਼ ਕਰਨ ਲਈ ਮਜਬੂਰ ਜਰੂਰ ਹੋਣਾ ਪਿਆ ਹੈ ਪਰ ਪ੍ਰਧਾਨ ਅਸਤੀਫੇ ਤੇ ਅੜ ਗਿਆ ਹੈ ਤੇ ਮਾਮਲਾ ਇਸ ਵੇਲੇ ਬੇਹੱਦ ਪੇਚੀਦਾ ਹੋ ਗਿਆ ਹੈ ਤੇ ਪਹਿਲਵਾਨ ਪ੍ਰਧਾਨ ਦੀ ਗ੍ਰਿਫਤਾਰੀ ਦੀ ਮੰਗ ਤੇ ਅੜ ਗਏ ਹਨ ਤੇ ਮਾਮਲਾ ਸਕਰਾਰ ਦੇ ਗਲ੍ਹੇ ਦੀ ਹੱਡੀ ਬਣਦਾ ਨਜ਼ਰ ਆ ਰਿਹਾ ਹੈ। ਆਖਿਰ ਖਿਡਾਰੀਆਂ ਤੇ ਫੈਡਰੇਸ਼ਨ ਦਰਮਿਆਨ ਟਕਰਾਓ ਦੀ ਨੌਬਤ ਕਿਉਂ ਆਈ-- 2008 ਦੀ ਬੀਜਿੰਗ ਉਲੰਪਿਕ 'ਚ ਸੁਸ਼ੀਲ ਕੁਮਾਰ ਦੇ ਕਾਂਸੀ ਦੇ ਤਗਮੇ ਦੀ ਜਿੱਤ ਨਾਲ ਭਾਰਤ 'ਚ ਕੁਸ਼ਤੀ ਦਾ ਪੱਧਰ ਲਗਾਤਾਰ ਚੰਗਾ ਹੁੰਦਾ ਚਲਾ ਗਿਆ ਤੇ ਫਿਰ 2012 'ਚ ਸੁਸ਼ੀਲ ਨੇ ਲੰਡਨ ਉਲੰਪਿਕ 'ਚ ਚਾਂਦੀ ਦਾ ਤਗਮਾ ਮਿਲਣ ਨਾਲ ਕੁਸ਼ਤੀ ਭਾਰਤ 'ਚ ਹੋਰ ਮਕਬੂਲ ਹੋਈ ਤੇ ਇਸੇ ਸਿਲਸਿਲੇ ਨੂੰ 2016 ਦੀ ਰੀਓ ਉਲੰਪਿਕ 'ਚ ਸਾਖਸ਼ੀ ਮਲਿਕ ਤੇ ਕਾਂਸੀ ਦਾ ਤਗਮਾਂ ਜਿੱਤ ਕੇ ਕੁਸ਼ਤੀ ਦੀ ਪ੍ਰਸਿੱਧੀ ਹੋਰ ਵਧਾ ਦਿੱਤਾ ਤੇ ਇਸ ਤੋਂ ਬਾਦ ਬਜਰੰਗ ਪੂਨੀਆ, ਵਿਨੇਸ਼ ਫੋਗਾਟ ਨੇ ਵਿਸ਼ਵ ਚੈਪੀਅਨਸ਼ਿਪ 'ਚ ਭਾਰਤ ਲਈ ਤਗਮੇ ਜਿੱਤੇ ਤੇ ਨਾਲ ਏਸ਼ੀਅਨ ਖੇਡਾਂ ਤੇ ਰਾਸ਼ਟਰਮੰਡਲ ਖੇਡਾਂ ਤੇ ਚੈਪੀਅਨਸ਼ਿਪਾਂ 'ਚ ਭਾਰਤੀ ਪਹਿਲਵਾਨਾਂ ਨੇ ਜਿੱਤ ਦੇ ਝੰਡੇ ਗੱਡੇ ਤੇ ਕੁਸ਼ਤੀ ਦੀ ਦੇਸ਼ 'ਚ ਵਧਦੀ ਪ੍ਰਸਿੱਧੀ ਕਰਕੇ ਇਸ ਤੇ ਕਾਰਪੋਰੇਟ ਜਗਤ ਦੀ ਨਜ਼ਰ ਗਈ ਤੇ ਦੇਸ਼ 'ਚ ਪ੍ਰੋ ਕੁਸ਼ਤੀ ਲੀਗ ਦੀ ਸ਼ੁਰੂਆਤ ਹੋਈ ਤੇ ਇਸ ਨਾਲ ਪਹਿਲਵਾਨਾਂ ਵੱਧੇਰੀ ਆਰਥਿਕ ਮਦਦ ਤੇ ਵਿਦੇਸ਼ਾਂ 'ਚ ਟਰੇਨਿੰਗ ਦੇ ਮੌਕੇ ਮਿਲਣੇ ਸ਼ੁਰੂ ਹੋਏ ਤੇ ਜੇ.ਐਸ, ਡਬਲਿਯੂ ਵਰਗੀਆਂ ਗੈਰ ਸਰਕਾਰੀ ਸੰਗਠਨਾਂ ਵੀ ਪਹਿਲਵਾਨਾਂ ਦੀ ਆਰਥਿਕ ਮਦਦ ਲਈ

NORTHCOAST
LUMBER 1
CALL THE **TRUE CONTRACTORS** YARD *TODAY*
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks

14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract

*Residential & Commercial*
Gurvinder Sanghera: 604-729-1435
Email: gsanghera77@gmail.com

ਅੱਗੇ ਆਇਆਂ ਤੇ ਉਨ੍ਹਾਂ ਨੇ ਦੇਸ਼ ਦੇ ਨਾਮੀ ਪਹਿਲਵਾਨਾਂ ਨਾਲ ਖੇਡ ਇਕਰਾਰਨਾਮੇ ਕਰਨੇ ਸ਼ੁਰੂ ਕਰ ਦਿੱਤੇ ਤੇ ਇਸ ਨਾਲ ਪਹਿਲਵਾਨਾਂ ਦੇ ਖੇਡ ਪ੍ਰਦਰਸ਼ਨ ਦੇ ਵਿਚ ਸੁਧਾਰ ਹੋਣਾ ਸ਼ੁਰੂ ਹੋ ਗਿਆ ਤੇ ਇਸ ਨਾਲ ਵੱਧ ਪਹਿਲਵਾਨ ਖੇਡ ਮੰਤਰਾਲੇ ਦੀਆਂ ਟਾਪ ਸਕੀਮਾਂ ਦੇ ਸ਼ਾਮਿਲ ਹੋਣ ਲੱਗੇ ਤੇ ਪਹਿਲਵਾਨਾਂ ਨਾਲ ਸਿੱਧਾ ਰਾਬਤਾ ਗੈਰ ਸਰਕਾਰੀ ਸੰਗਠਨਾਂ ਦਾ ਫੈਡਰੇਸ਼ਨ ਦੇ ਆਧਿਕਾਰੀਆਂ ਨੂੰ ਰਾਸ ਨਹੀ ਆਇਆ ਤੇ ਭਾਰਤੀ ਕੁਸ਼ਤੀ ਫੈਡਰੇਸ਼ਨ ਨੇ 2022 'ਚ ਇਸ ਤਰਾਂ ਦੀ ਮਦਦ ਤੇ ਰੋਕ ਲਗਾ ਦਿੱਤੀ ਤੇ ਨਾਲ ਹੀ ਇਹ ਫੈਡਰੇਸ਼ਨ ਦੀ ਮਨਜ਼ੂਰੀ ਤੋਂ ਬਿਨਾਂ ਕੋਈ ਵੀ ਪਹਿਲਵਾਨ ਇਕਰਾਰ ਨਹੀ ਕਰ ਸਕਦਾ ਤੇ ਇਸ ਨਾਲ ਪਹਿਲਵਾਨਾਂ ਨੂੰ ਵਿਦੇਸ਼ੀ ਟਰੇਨਿੰਗ, ਮਨ ਪਸੰਦ ਕੋਚ ਤੇ ਫੀਜੀਓ ਤੇ ਹੋਰ ਸਹੂਲਤਾਂ ਮਿਲਣੀਆਂ ਬੰਦ ਹੋ ਗਈਆਂ ਤੇ ਟੋਕੀਓ ਉਲੰਪਿਕ ਤੋਂ ਬਾਦ ਪਹਿਲਵਾਨਾਂ ਦੇ ਵਿਦੇਸ਼ੀ ਦੌਰੇ ਬੰਦ ਹੋ ਗਏ ਤੇ ਵਿਦੇਸ਼ੀ ਕੋਚ ਵੀ ਹਟਾ ਦਿੱਤੇ ਗਏ ਤੇ ਇਸ ਨਾਲ ਹੀ 2018 'ਚ ਭਾਰਤੀ ਕੁਸ਼ਤੀ ਫੈਡਰੇਸ਼ਨ ਨੇ ਬੀ.ਸੀ.ਸੀ.ਆਈ ਦੀ ਤਰਜ਼ ਤੇ ਜੋ 150 ਪਹਿਲਵਾਨਾਂ ਦੀ ਗਰੇਡਿੰਗ ਕੀਤੀ ਸੀ, ਉਸ ਨੂੰ ਵੀ ਸਹੀ ਢੰਗ ਨਾਲ ਲਾਗੂ ਨਹੀ ਕੀਤਾ ਤੇ ਦੋ ਤਿੰਨ ਕਿਸ਼ਤਾਂ ਦੇ ਕੇ ਬੰਦ ਕਰ ਦਿੱਤਾ ਤੇ ਕੁਸ਼ਤੀ ਫੈਡਰੇਸ਼ਨ ਨੇ ਟਾਟਾ ਮੋਟਰਜ਼ ਨੂੰ ਕੁਸ਼ਤੀ ਦਾ ਨੈਸ਼ਨਲ ਸਪਾਂਸਰ ਬਣਾ ਦਿੱਤਾ ਤੇ ਹੁਣ ਖਿਡਾਰੀਆਂ ਨੂੰ ਪ੍ਰਾਈਵੇਟ ਸਪਾਂਸਰ ਮਿਲਣੇ ਬੰਦ ਹੋ ਗਏ ਤੇ ਕੁਸ਼ਤੀ ਫੈਡਰੇਸ਼ਨ ਪਹਿਲਵਾਨਾਂ ਨੂੰ ਪੈਸੇ ਦੇ ਨਹੀ ਰਿਹਾ ਸੀ ਤੇ ਇਸ ਮਾਮਲੇ ਤੇ ਅੰਦਰਖਾਤੇ ਪਹਿਲਵਾਨਾਂ ਤੇ ਕੁਸ਼ਤੀ ਫੈਡਰੇਸ਼ਨ ਦਾ ਦਰਮਿਆਨ ਹੌਲੀ ਹੌਲੀ ਰੰਜਿਸ਼ ਵਧਦੀ ਗਈ। ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਤੇ ਇਕ ਬਾਹੂਬਲੀ ਨੇਤਾ ਹੋਣ ਕਰਕੇ ਤਾਨਾਸ਼ਾਹੀ ਦੇ ਦੋਸ਼ ਲਗਦੇ ਹਨ ਤੇ ਉਹ ਸਾਰਾ ਕੁੱਝ ਕੁਸ਼ਤੀ ਫੈਡਰੇਸ਼ਨ 'ਚ ਆਪਣੇ ਤਰੀਕੇ ਅਨੁਸਾਰ ਤਹਿ ਕਰਦੇ ਹਨ ਤੇ ਇਕ



ਵਾਰੀ ਨੈਸ਼ਨਲ ਚੈਪੀਅਨਸ਼ਿਪ 'ਚ ਜੂਨੀਅਰ ਪਹਿਲਵਾਨਾਂ ਨੂੰ ਸਭ ਦੇ ਸਾਹਮਣੇ ਥੱਪੜ ਵੀ ਮਾਰ ਦਿੱਤਾ ਸੀ ਤੇ ਇਸ ਦੇ ਨਾਲ ਹੋਰ ਵੀ ਕਈ ਮਾਮਲੇ ਜਿਵੇ ਨੈਸ਼ਨਲ ਚੈਪੀਅਨਸ਼ਿਪਾਂ 'ਚ ਬੁਨਿਆਦੀ ਸਹੂਲਤਾਂ ਦੀ ਘਾਟ ਤੇ ਵਿਦੇਸ਼ੀ ਦੌਰਿਆਂ ਤੇ ਖਿਡਾਰੀਆਂ ਨੂੰ ਵੀਜ਼ਾ, ਟਿਕਟ ਤੇ ਹੋਰ ਜਾਣਕਾਰੀ ਸਹੀ ਨਾਂ ਦੇਣ ਤੋਂ ਇਲਾਵਾ ਯੂ.ਪੀ ਸਰਕਾਰ ਨੇ ਜੋ ਕੁਸ਼ਤੀ ਨੂੰ ਅਡਾਪਟ ਕਰਨ ਦਾ ਜੋ ਐਲਾਨ ਕੀਤਾ ਸੀ ਉਹ ਵੀ ਖਾਸ ਤਵੱਜੋ ਨਹੀ ਦਿੱਤੀ ਗਈ ਤੇ ਇਸ ਦੇ ਨਾਲ ਹੀ ਫੈਡਰੇਸ਼ਨ ਨੇ ਇਕ ਰਾਜ ਤੋਂ ਸਿਰਫ ਇਕ ਟੀਮ ਹੀ ਨੈਸ਼ਨਲ 'ਚ ਭੇਜਣ ਦਾ ਫੁਰਮਾਨ ਜਾਰੀ ਕਰ ਦਿੱਤਾ ਤੇ ਇਸ ਫੈਸਲੇ ਨਾਲ ਕੁਸ਼ਤੀ ਦੇ ਦਬਦਬੇ ਵਾਲੇ ਰਾਜ ਹਰਿਆਣਾ ਨੂੰ ਸੱਟ ਪੁੱਜੀ, ਕਿਉਂਕੀ ਕੁਸ਼ਤੀ 'ਚ ਹਰਿਆਣਾ ਦਾ ਦਬਦਬਾ ਸੀ ਤੇ ਉਸ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ ਤੇ ਇਸ ਦੇ ਨਾਲ ਹੀ ਹਰਿਆਣਾ ਦੀ ਕੁਸ਼ਤੀ ਲਾਬੀ ਫੈਡਰੇਸ਼ਨ ਦੇ ਖਿਲਾਫ ਹੋ ਗਈ। ਬੇਸ਼ਕ ਕੁਸ਼ਤੀ ਫੈਡਰੇਸ਼ਨ ਨੇ ਇਹ ਸਭ ਪਹਿਲਵਾਨਾਂ ਦੇ ਭਲੇ ਲਈ ਕੀਤਾ ਸੀ ਪਰ ਦੇਸ਼ ਦੇ ਪਹਿਲਵਾਨ ਫੈਡਰੇਸ਼ਨ ਤੋਂ ਖੁਸ਼ ਨਹੀ ਸਨ। ਹੁਣ ਜਿਸ ਤਰੀਕ ਦੇ ਦੋਸ਼ ਮਹਿਲਾ ਪਹਿਲਵਾਨਾਂ ਨੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਤੇ ਲਗਾਏ ਹਨ ਉਹ ਬੇਹੱਦ ਗੰਭੀਰ ਹਨ ਤੇ ਹੁਣ ਗੇਂਦ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਘਰ ਤੋਂ ਨਿਕਲ ਕੇ ਕੇਂਦਰੀ ਖੇਡ ਮੰਤਰਾਲੇ ਤੋਂ ਭਾਰਤੀ ਉਲੰਪਿਕ ਐਸੋਸੀਏਸ਼ਨ ਦੇ ਦਫਤਰ ਤੋਂ ਹੋ ਕੇ ਮਾਨਯੋਗ ਸੁਪਰੀਮ ਕੋਰਟ ਦੇ ਵਿਚ ਪੁੱਜ ਗਈ ਹੈ ਤੇ ਉਸ ਦੀ ਸਖਤੀ ਤੇ ਪੁਲਿਸ ਨੂੰ ਆਖਿਰ ਪ੍ਰਧਾਨ ਦੇ ਖਿਲਾਫ ਦੋ ਮਾਮਲੇ ਦਰਜ ਮਜਬੂਰੀ 'ਚ ਕਰਨੇ ਪਏ ਹਨ, ਪਰ ਬੇਟੀ ਬਚਾਓ, ਬੇਟੀ ਪੜ੍ਹਾਓ ਤੇ ਬੇਟੀ ਖਿਡਾਓ ਦੇ ਨਾਹਰੇ ਨਾਲ ਅੱਜ ਸਾਰੇ ਖਿਲਵਾੜ ਕਰ ਰਹੇ ਹਨ ਤੇ ਵਿਦੇਸ਼ੀ ਧਰਤੀ ਤੇ ਭਾਰਤ ਦਾ ਤਿੰਰਗਾ ਬੁਲੰਦ ਕਰਨ ਵਾਲੀਆਂ ਭਾਰਤ ਦੀਆਂ ਬੇਟੀਆਂ ਅੱਜ ਜੰਤਰ ਮੰਤਰ ਤੇ ਧਰਨੇ ਦੇਣ ਲਈ ਮਜਬੂਰ ਹਨ ਤੇ ਕੀ ਸਮੇਂ ਦੀਆਂ ਸਰਕਾਰਾਂ ਨੂੰ ਉਨ੍ਹਾਂ ਦੀ ਅਵਾਜ਼ ਸੁਣਾਈ ਨਹੀ ਦੇ ਰਹੀ ਜੇ ਦੇਸ਼ ਦਾ ਇਹੋ ਹਾਲ ਰਿਹਾ ਤਾਂ ਆਉਣ ਵਾਲੇ ਸਮੇਂ ਦੇ ਵਿਚ ਭਾਰਤ ਦੇ ਲੋਕ ਆਪਣੀਆਂ ਬੇਟੀਆਂ ਨੂੰ ਖੇਡ ਮੈਦਾਨਾਂ ਤੋਂ ਦੂਰ ਲੈ ਕੇ ਜਾਣਗੇ ਤੇ ਇਸ ਲਈ ਅਸੀ ਸਾਰੇ ਜਿੰਮੇਵਾਰ ਹੋਵਾਂਗੇ, ਕਿਉਂਕੀ ਇਸ ਵੇਲੇ ਸਾਨੂੰ ਇਨ੍ਹਾਂ ਦੀ ਪੁਕਾਰ ਸੁਣਾਈ ਨਹੀ ਦੇ ਰਹੀ ਤੇ ਜਦੋਂ ਸੁਣਾਈ ਦੇਵੇਗੀ ਉਸ ਵੇਲੇ ਤੱਕ ਬਹੁਤ ਦੇਰ ਹੋ ਚੁੱਕੀ ਹੋਵੇਗੀ।






# ਮੇਜਰ ਸਿੰਘ ਨਾਗਰਾ ਨੇ ਕੇਨੈਡਾ ਵਿਚ ਵਧਾਇਆ ਪੰਜਾਬੀ ਭਾਈਚਾਰੇ ਦਾ ਮਾਣ



ਚੰਡੀਗੜ੍ਹ-ਸਰਘੀ ਕਲਾ ਕੇਂਦਰ ਦੇ ਸਲਾਹਕਾਰ, ਲੇਖਕ ਅਤੇ ਸਮਾਜ ਸੇਵੀ ਮੇਜਰ ਸਿੰਘ ਨਾਗਰਾ ਨੇ ਕੇਨੈਡਾ ਵਿਚ ਪੰਜਾਬੀ ਭਾਈਚਾਰੇ ਦਾ ਸਿਰ ਉਸ ਵਕਤ ਮਾਣ ਨਾਲ ਉੱਚਾ ਕੀਤਾ ਜਦ ਉਹ ਕੈਨੇਡਾ ਦੇ ਓਂਟਾਰੀਓ ਸੂਬੇ ਦੇ ਵੱਖ-ਵੱਖ ਭਾਸ਼ਾਵਾਂ ਦੇ ਅਨੁਵਾਦਕਾਂ ਅਤੇ ਦੁਭਾਸ਼ੀਆਂ ਦੀਆਂ ਸੇਵਾਵਾਂ ਨਿਭਾਉਣ ਵਾਲੀ ਸੰਸਥਾ 'ਅਸੋਸੀਏਸ਼ਨ ਆਫ ਟਰਾਂਸਲੇਟਰ ਐਂਡ ਇਟਰਪ੍ਰੇਟਰਸ ਆਫ ਓਂਟਾਰੀਓ' (ਈ. ਟੀ. ਆਈ. ਓ.) ਦੇ ਚੋਣ ਪ੍ਰੀਕਿਰਿਆ ਰਾਹੀਂ ਪਹਿਲੇ ਪੰਜਾਬੀ ਡਾਈਰੈਕਟਰ ਚੁਣੇ ਗਏ।ਇਹ ਜਾਣਕਾਰੀ ਦਿੰਦੇ ਸਰਘੀ ਕਲਾ ਕੇਂਦਰ ਦੇ ਪ੍ਰਧਾਨ ਸੰਜੀਵਨ ਸਿੰਘ ਨੇ ਦੱਸਿਆਂ ਕਿ ਤਕਰੀਬਨ ਢਾਈ ਦਹਾਕਿਆਂ ਤੋਂ ਕੇਨੈਡਾ ਦੇ ਟੋਰਾਂਟੋ ਸ਼ਹਿਰ ਵਿਚ ਰਹਿ ਰਹੇ ਮੇਜਰ ਸਿੰਘ ਨਾਗਰਾ ਦਾ ਸਬੰਧਤ ਕੁਰਾਲੀ ਲਾਗੇ ਰੋਪੜ ਜ਼ਿਲੇ ਦੇ ਖੇੜਾ ਪਿੰਡ ਨਾਲ ਹੈ। ਇੱਥੇ ਵੀ ਉਹ ਸਮਾਜ ਸੇਵਾ, ਲੇਖਣੀ ਅਤੇ ਪੱਤਰਕਾਰੀ ਦੇ ਖੇਤਰ ਵਿਚ ਸਰਗਰਮ ਸਨ। ਰੰਗਮੰਚ ਤੇ ਫਿਲਮ ਅਦਾਕਾਰ ਰੰਜੀਵਨ ਸਿੰਘ, ਰਮਨ ਢਿਲੋਂ, ਸੰਜੀਵ ਦੀਵਾਨ 'ਕੁੱਕੂ', ਸੈਵੀ ਸਤਵਿੰਦਰ ਕੌਰ, ਨਰਿੰਦਰ ਪਾਲ ਨੀਨਾ, ਰਾਬਿੰਦਰ ਸਿੰਘ ਰੱਬੀ, ਲਖਵਿੰਦਰ ਸਿੰਘ ਅਤੇ ਰਿੱਤੂਰਾਗ ਨੇ ਮੇਜਰ ਸਿੰਘ ਨਾਗਰਾ ਦੀ ਇਸ ਮਾਣਮੱਤੀ ਪ੍ਰਾਪਤੀ 'ਤੇ ਖੁਸ਼ੀ ਜ਼ਾਹਿਰ ਕਰਦੇ ਕਿਹਾ ਕਿ ਉਹ ਇਕ ਬਹੁ-ਪੱਖੀ ਅਤੇ ਬਹੁ-ਪਰਤੀ ਸਖਸ਼ੀਅਤ ਹਨ।

# 'ਗੋਡੇ ਗੋਡੇ ਚਾਅ' ਵਿਚ ਮੁੜ ਦਿਖੇਗੀ ਸੋਨਮ, ਤਾਨੀਆ ਤੇ ਨਿਰਮਲ ਰਿਸ਼ੀ ਦੀ ਤਿੱਕੜੀ





ਚੰਡੀਗੜ੍ਹ-ਪੰਜਾਬੀ ਸਿਨੇਮਾ ਵਿੱਚ ਪਿਛਲੇ ਸਮੇਂ ਦੌਰਾਨ ਮਹਿਲਾ ਕਿਰਦਾਰਾਂ 'ਤੇ ਕੇਂਦਰਿਤ ਫਿਲਮਾਂ ਨੇ ਵੀ ਆਪਣੀ ਵਿਸ਼ੇਸ਼ ਥਾਂ ਬਣਾਈ ਹੈ। ਫਿਲਮ 'ਗੋਡੇ ਗੋਡੇ ਚਾਅ' ਇਸੇ ਦੀ ਇੱਕ ਉਦਾਹਰਨ ਹੈ। ਫਿਲਮ ਵਿੱਚ ਅਦਾਕਾਰਾ ਨਿਰਮਲ ਰਿਸ਼ੀ, ਸੋਨਮ ਬਾਜਵਾ ਤੇ ਤਾਨੀਆ ਮੁੱਖ ਭੂਮਿਕਾਵਾਂ ਵਿੱਚ ਦਿਖਾਈ ਦੇਣਗੀਆਂ। ਖਾਲਸਾ ਵੋਕਸ ਅਨੁਸਾਰ ਇਹ ਫਿਲਮ ਇੱਕ ਵਿਆਹ ਸਮਾਗਮ ਦੁਆਲੇ ਘੁੰਮਦੀ ਹੈ, ਜਿਸ ਵਿੱਚ ਵਿਆਹ ਦੇ ਰੀਤੀ-ਰਿਵਾਜ਼ਾਂ ਰਾਹੀਂ ਔਰਤਾਂ ਦੀ ਭੂਮਿਕਾ ਨੂੰ ਉਭਾਰਿਆ ਗਿਆ ਹੈ। ਕਾਮੇਡੀ ਨਾਲ ਭਰਪੂਰ ਇਹ ਫਿਲਮ ਦਿਖਾਉਂਦੀ ਹੈ ਕਿ ਕਿਵੇਂ ਔਰਤਾਂ ਰੋਜ਼ਾਨਾ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਦੇ ਹੋਏ ਵੀ ਵਿਆਹ ਸਮਾਗਮ ਵਰਗੀਆਂ ਵੱਡੀਆਂ ਜ਼ਿੰਮੇਵਾਰੀਆਂ ਵੀ ਨਿਭਾਅ ਲੈਂਦੀਆਂ ਹਨ। ਫਿਲਮ ਵਿੱਚ ਗੀਤਾਜ ਬਿੰਦਰਖੀਆ ਤੇ ਗੁਰਜੈਜ਼ ਦੀ ਵੀ ਅਹਿਮ ਭੂਮਿਕਾ ਹੈ। ਫਿਲਮ ਵਿੱਚ ਹਾਸੇ ਨਾਲ ਭਰਪੂਰ ਵਾਰਤਾਲਾਪ ਤੇ ਮੌਕਾ ਮੇਲ ਬਣਾਏ ਗਏ ਹਨ। ਹਾਲ ਹੀ ਵਿੱਚ ਫਿਲਮ ਦਾ ਦੂਸਰਾ ਪੋਸਟਰ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਨਿਰਮਲ ਰਿਸ਼ੀ, ਸੋਨਮ ਤੇ ਤਾਨੀਆ ਦਿਖਾਈ ਦੇ ਰਹੀਆਂ ਹਨ।

## ਫ਼ਿਲਮ 'ਮੇਰਾ ਬਾਬਾ ਨਾਨਕ' 19 ਮਈ ਨੂੰ ਲੱਗੇਗੀ ਸਾਰੇ ਸਿਨੇਮਾ ਘਰਾਂ ਵਿਚ




ਬਲੈਕ ਪੈਂਥਰ ਐਂਟਰਟੇਨਮੈਂਟ ਅਤੇ ਡਰੀਮਪਿਕਚਰਜ਼ ਐਂਟਰਟੇਨਮੈਂਟ ਦੇ ਬੈਨਰ ਹੇਠ ਬਣੀ ਫਿਲਮ 'ਮੇਰਾ ਬਾਬਾ ਨਾਨਕ' ਦਾ ਟ੍ਰੇਲਰ ਰਿਲੀਜ਼ ਹੋ ਗਿਆ ਹੈ ਤੇ ਫ਼ਿਲਮ 19 ਮਈ ਨੂੰ ਸਿਨੇਮਾ ਗਰਾਂ ਦਾ ਸ਼ਿੰਗਾਰ ਬਣਨ ਜਾ ਰਹੀ ਹੈ। ਇਸ ਫਿਲਮ ਰਾਹੀਂ ਗੁਰੂ ਨਾਨਕ ਦੇਵ ਜੀ ਦੀਆਂ ਅਸੀਸਾਂ ਅਤੇ ਉਪਦੇਸ਼ਾਂ ਦੀ ਪ੍ਰਾਪਤੀ ਹੋਵੇਗੀ। ਦਰਸ਼ਕਾਂ ਨੇ ਫਿਲਮ ਤੋਂ ਅੰਦਾਜ਼ਾ ਲਗਾਇਆ ਕਿ ਇਹ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਪ੍ਰਦਰਸ਼ਿਤ ਕਰੇਗੀ ਪਰ ਇਹ ਇਕ ਅਜਿਹੇ ਵਿਅਕਤੀ ਦੀ ਕਹਾਣੀ ਹੈ ਜਿਸ ਨੂੰ ਬਾਬਾ ਨਾਨਕ 'ਤੇ ਪੂਰਾ ਵਿਸ਼ਵਾਸ ਹੈ ਅਤੇ ਉਹ ਇਹ ਕਹਿ ਕੇ ਸਭ ਨੂੰ ਮਾਫ਼ ਕਰ ਦਿੰਦਾ ਹੈ ਕਿ ਬਾਬਾ ਨਾਨਕ ਆਪਣੇ ਆਪ ਸਭ ਸਹੀ ਕਰੇਗਾ। ਉਸ ਨੇ ਜ਼ਿੰਦਗੀ ਵਿਚ ਬਹੁਤ ਸਾਰੀਆਂ ਮੁਸ਼ਕਲਾਂ, ਧੋਖੇਬਾਜ਼ਾਂ ਦਾ ਸਾਹਮਣਾ ਕੀਤਾ ਪਰ ਉਹ ਬਾਬਾ ਨਾਨਕ 'ਤੇ ਵਿਸ਼ਵਾਸ ਨਾਲ ਅੱਗੇ ਵਧਣ ਵਿਚ ਕਦੇ ਅਸਫਲ ਨਹੀਂ ਹੋਇਆ ਅਤੇ ਬਾਬਾ ਨਾਨਕ ਵੀ ਆਪਣੇ ਬੱਚੇ ਨੂੰ ਹਰ ਮਾੜੀ ਸਥਿਤੀ ਤੋਂ ਬਚਾ ਕੇ ਰੱਖਦੇ ਹਨ। ਟ੍ਰੇਲਰ ਨੂੰ ਲੋਕਾਂ ਤੋਂ ਵਧੀਆ ਟਿੱਪਣੀਆਂ ਦੇ ਨਾਲ ਬਹੁਤ ਪਿਆਰ ਮਿਲ ਰਿਹਾ ਹੈ ਅਤੇ ਅਸੀਂ ਵਿਸ਼ਵਾਸ ਦੀ ਅਜਿਹੀ ਦਿਲਚਸਪ ਕਹਾਣੀ ਨੂੰ ਸਾਹਮਣੇ ਲਿਆਉਣ ਲਈ ਫਿਲਮ ਦੇ ਨਿਰਮਾਤਾਵਾਂ ਨੂੰ ਵਧਾਈ ਦਿੰਦੇ ਹਾਂ। ਸਟਾਰ ਕਾਸਟ 'ਚ ਅਮਨਮੀਤ ਸਿੰਘ, ਵਿਕਰਮਜੀਤ ਵਿਰਕ, ਹਰਸ਼ਜੋਤ ਕੌਰ, ਹਰਪ੍ਰੀਤ ਬੈਂਸ, ਕੁਲ ਸਿੱਧੂ, ਮਿੰਟੂ ਕਾਪਾ, ਮਹਾਬੀਰ ਭੁੱਲਰ, ਤਰਸੇਮ ਪਾਲ, ਮਲਕੀਤ ਰੌਣੀ, ਸੀਮਾ ਕੌਸ਼ਲ, ਅਨੀਤਾ ਮੀਤ, ਵਰਿੰਦਰ ਵਸ਼ਿਸ਼ਟ, ਰਣਦੀਪ ਭੰਗੂ, ਅੰਮ੍ਰਿਤਪਾਲ ਬਿੱਲਾ, ਜਸਬੀਰ ਗਿੱਲ, ਨਿਮਰਤ ਪਰਤਾਪ ਸਿੰਘ, ਗੁਰਸੇਵਕ ਮੰਡੇਰ, ਮਨਪ੍ਰੀਤ ਜਵੰਦਾ, ਧਨਵੰਤ ਸਿੰਘ ਅਤੇ ਦਿਲਨੂਰ ਏਂਜਲ ਸ਼ਾਮਲ ਹਨ। ਫਿਲਮ ਅਮਨਮੀਤ ਸਿੰਘ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ਗਈ ਹੈ।

## ਫਿਲਮ ਨਿਰਦੇਸ਼ਕ ਅਤੇ ਉੱਘੇ ਨਾਵਲਕਾਰ ਬੂਟਾ ਸਿੰਘ ਸ਼ਾਦ ਨਹੀਂ ਰਹੇ



ਬਠਿੰਡਾ-ਮਸ਼ਹੂਰ ਫਿਲਮ ਨਿਰਦੇਸ਼ਕ ਬੂਟਾ ਸਿੰਘ ਸ਼ਾਦ ਦਾ ਬੀਤੀ ਰਾਤ ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੀ ਤਹਿਸੀਲ ਏਲਨਾਬਾਦ ਦੇ ਪਿੰਡ ਕੁਮਥਲਾ ਵਿਖੇ ਰਾਤ 1 ਵਜੇ ਦੇਹਾਂਤ ਹੋ ਗਿਆ। ਬੂਟਾ ਸਿੰਘ ਸ਼ਾਦ ਦਾ ਪੂਰਾ ਪਰਿਵਾਰ ਬਠਿੰਡਾ ਜ਼ਿਲ੍ਹੇ ਦੇ ਪਿੰਡ ਦਾਨ ਸਿੰਘ ਵਾਲਾ ਨੂੰ ਛੱਡ ਕੇ ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੇ ਪਿੰਡ ਕੁਮਥਲਾ ਵਿੱਚ ਰਹਿਣ ਲੱਗ ਪਿਆ ਸੀ। ਬੂਟਾ ਸਿੰਘ ਨੇ ਫਿਲਮ ਸਿਟੀ ਮੁੰਬਈ ਵਿੱਚ ਰਹਿ ਕੇ ਕਈ ਫਿਲਮਾਂ ਬਣਾਈਆਂ ਅਤੇ ਉਨ੍ਹਾਂ ਦਾ ਨਿਰਦੇਸ਼ਨ ਕੀਤਾ। ਸ਼ੁਰੂ ਵਿੱਚ ਪ੍ਰਕਾਸ਼ਿਤ ਹੋਈ ਉਨ੍ਹਾਂ ਦੀ ਮੋਰਨੀ ਕਹਾਣੀ ਬਹੁਤ ਮਸ਼ਹੂਰ ਹੋਈ, ਜਿਸ ਕਾਰਨ ਉਨ੍ਹਾਂ ਨੂੰ ਬੂਟਾ ਸਿੰਘ ਸ਼ਾਦ ਮੋਰਨੀ ਵਾਲਾ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ। ਉਨ੍ਹਾਂ 35 ਨਾਵਲ ਵੀ ਲਿਖੇ, ਜੋ ਬਹੁਤ ਪ੍ਰਸਿੱਧ ਹੋਏ। ਪਿਛਲੇ ਕਾਫੀ ਸਮੇਂ ਤੋ ਉਹ ਏਲਨਾਬਾਦ ਨੇੜੇ ਪਿੰਡ ਕੁਮਥਲਾ ਵਿੱਚ ਆਪਣੇ ਪਰਿਵਾਰ ਕੋਲ ਰਹਿ ਰਹੇ ਸਨ।



# ਸ਼ਾਹਰੁਖ਼ ਨੇ ਪ੍ਰਸ਼ੰਸਕ ਨੂੰ ਸੈਲਫ਼ੀ ਲੈਣ ਤੋਂ ਰੋਕਿਆ

ਮੁੰਬਈ-ਅਦਾਕਾਰ ਸ਼ਾਹਰੁਖ਼ ਖ਼ਾਨ ਨੂੰ ਹਾਲ ਹੀ ਵਿੱਚ ਹਵਾਈ ਅੱਡੇ 'ਤੇ ਆਪਣੇ ਇੱਕ ਪ੍ਰਸ਼ੰਸਕ ਨੂੰ ਸੈਲਫ਼ੀ ਲੈਣ ਤੋਂ ਨਾਂਹ ਕਰਦਿਆਂ ਵੇਖਿਆ ਗਿਆ। ਜਾਣਕਾਰੀ ਅਨੁਸਾਰ ਅਦਾਕਾਰ ਹਵਾਈ ਅੱਡੇ ਤੋਂ ਬਾਹਰ ਨਿਕਲਦਾ ਹੋਇਆ ਉਥੇ ਮੌਜੂਦ ਮੀਡੀਆ ਕਰਮੀਆਂ ਵੱਲ ਹੱਥ ਹਿਲਾ ਕੇ ਉਨ੍ਹਾਂ ਦਾ ਪਿਆਰ ਕਬੂਲ ਰਿਹਾ ਸੀ। ਇਸ ਦੌਰਾਨ ਇੱਕ ਪ੍ਰਸ਼ੰਸਕ ਨੇ ਸ਼ਾਹਰੁਖ਼ ਨਾਲ ਸੈਲਫ਼ੀ ਲੈਣ ਦੀ ਕੋਸ਼ਿਸ਼ ਕੀਤੀ ਤਾਂ ਅਦਾਕਾਰ ਨੇ ਉਸ ਨੂੰ ਪਰ੍ਹੇ ਧੱਕ ਦਿੱਤਾ। ਇਸ ਮਗਰੋਂ ਸੁਰੱਖਿਆ ਕਰਮੀ ਸ਼ਾਹਰੁਖ਼ ਨੂੰ ਘੇਰੇ 'ਚ ਲੈ ਕੇ ਉਸ ਦੀ ਕਾਰ ਤੱਕ ਲੈ ਗਏ। ਅਦਾਕਾਰ ਨੇ ਕਾਲੇ ਰੰਗ ਦੀ ਪੈਂਟ ਤੇ ਜੈਕੇਟ ਨਾਲ ਕਾਲੇ ਰੰਗ ਦੇ ਚਸ਼ਮੇ ਲਾਏ ਹੋਏ ਸਨ। ਜ਼ਿਕਰਯੋਗ ਹੈ ਕਿ ਸ਼ਾਹਰੁਖ਼ ਖ਼ਾਨ ਪਿਛਲੇ ਹਫ਼ਤੇ ਰਾਜਕੁਮਾਰ ਹਿਰਾਨੀ ਦੀ ਫਿਲਮ 'ਡੰਕੀ' ਦੀ ਸ਼ੂਟਿੰਗ ਲਈ ਕਸ਼ਮੀਰ ਗਿਆ ਸੀ, ਜਿਥੇ ਇੱਕ ਹੋਟਲ ਵਿੱਚ ਵੱਡੀ ਗਿਣਤੀ ਲੋਕਾਂ ਵੱਲੋਂ ਉਸ ਦਾ ਸਵਾਗਤ ਕੀਤੇ ਜਾਣ ਦੀ ਵੀਡੀਓ ਵੀ ਵਾਇਰਲ ਹੋਈ ਸੀ।



# ਅਦਾਕਾਰੀ ਦੀ ਥਾਂ ਨਿਰਦੇਸ਼ਨ ਵੱਲ ਵਧਣਾ ਚਾਹੁੰਦਾ ਹੈ ਆਰੀਅਨ ਖ਼ਾਨ

ਮੁੰਬਈ-ਅਦਾਕਾਰ ਸ਼ਾਹਰੁਖ਼ ਖ਼ਾਨ ਦਾ ਪੁੱਤਰ ਆਰੀਅਨ ਖ਼ਾਨ ਅਦਾਕਾਰੀ ਵਿੱਚ ਨਹੀਂ, ਸਗੋਂ ਫਿਲਮ ਨਿਰਦੇਸ਼ਨ ਤੇ ਲੇਖਨ ਦੇ ਖੇਤਰ ਵਿੱਚ ਅੱਗੇ ਵਧਣਾ ਚਾਹੁੰਦਾ ਹੈ। ਇਸ ਵੇਲੇ ਆਰੀਅਨ ਇੱਕ ਸ਼ੋਅ 'ਤੇ ਕੰਮ ਕਰ ਰਿਹਾ ਹੈ। ਨਿਰਦੇਸ਼ਕ ਵਜੋਂ ਆਰਿਅਨ ਦੇ ਇਸ ਪਹਿਲੇ ਸ਼ੋਅ ਦਾ ਨਾਂ 'ਸਟਾਰਡਮ' ਰੱਖਿਆ ਗਿਆ ਹੈ। ਛੇ ਐਪੀਸੋਡ ਦੀ ਇਹ ਸੀਰੀਜ਼ ਹਾਲੇ ਨਿਰਮਾਣ ਅਧੀਨ ਹੈ, ਜੋ ਫਿਲਮ ਸਨਅਤ ਵਿੱਚ ਨਾਕਾਮਯਾਬ ਰਹੇ ਕਲਾਕਾਰਾਂ 'ਤੇ ਆਧਾਰਿਤ ਹੋਵੇਗਾ। ਇਸ ਸੀਰੀਜ਼ ਦਾ ਨਿਰਮਾਣ ਆਰੀਅਨ ਦੇ ਪਿਤਾ ਦੇ ਪ੍ਰੋਡਕਸ਼ਨ ਹਾਊਸ 'ਰੈੱਡ ਚਿਲੀਜ਼ ਐਂਟਰਟੇਨਮੈਂਟ' ਵੱਲੋਂ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਕਈ ਸਾਲ ਪਹਿਲਾਂ ਇੱਕ ਟਾਕ ਸ਼ੋਅ ਦੌਰਾਨ ਮੇਜ਼ਬਾਨ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿੱਚ ਸ਼ਾਹਰੁਖ਼ ਨੇ ਕਿਹਾ ਸੀ ਕਿ ਆਰੀਅਨ ਅਦਾਕਾਰੀ ਦੇ ਖੇਤਰ ਵਿੱਚ ਨਹੀਂ ਆਉਣਾ ਚਾਹੁੰਦਾ ਕਿਉਂਕਿ ਇਸ ਖੇਤਰ ਵਿੱਚ ਉਸ ਦੀ ਤੁਲਨਾ ਸਦਾ ਉਸ ਦੇ ਪਿਤਾ ਨਾਲ ਕੀਤੀ ਜਾਵੇਗੀ। ਇਸ ਦੀ ਥਾਂ ਆਰੀਅਨ ਫਿਲਮ ਨਿਰਦੇਸ਼ਨ ਤੇ ਫਿਲਮ ਨਿਰਮਾਣ ਦੇ ਖੇਤਰ ਵਿੱਚ ਅੱਗੇ ਵਧਣਾ ਚਾਹੁੰਦਾ ਹੈ। ਗ਼ੌਰਤਲਬ ਹੈ ਕਿ 'ਸਟਾਰਡਮ' ਤੋਂ ਇਲਾਵਾ ਹਾਲ ਹੀ ਵਿੱਚ ਆਰੀਅਨ ਨੇ ਇੱਕ ਐਡ ਫਿਲਮ ਵੀ ਤਿਆਰ ਕੀਤੀ ਹੈ, ਜਿਸ ਵਿੱਚ ਉਸ ਨੇ ਆਪਣੇ ਪਿਤਾ ਨੂੰ ਨਿਰਦੇਸ਼ਿਤ ਕੀਤਾ ਹੈ।


# ਪ੍ਰਿਯੰਕਾ ਚੋਪੜਾ ਦੇ ਗਲੇ 'ਚ 2 ਅਰਬ ਰੁਪਏ ਦੇ ਹਾਰ ਨੇ ਸਾਰਿਆਂ ਦਾ ਧਿਆਨ ਖਿੱਚਿਆ

ਨਿਊ ਯਾਰਕ-ਬਾਲੀਵੁੱਡ ਤੋਂ ਹਾਲੀਵੁੱਡ ਤੱਕ ਦਾ ਸਫਰ ਤੈਅ ਕਰ ਚੁੱਕੀ ਅਭਿਨੇਤਰੀ ਪ੍ਰਿਯੰਕਾ ਚੋਪੜਾ ਮੇਟ ਗਾਲਾ 2023 ਵਿੱਚ ਦਿਲਕਸ਼ ਅੰਦਾਜ਼ ਵਿੱਚ ਨਜ਼ਰ ਆਈ। ਉਸ ਨੇ ਪਤੀ ਨਿਕ ਜੋਨਸ ਨਾਲ ਕਾਲੇ ਤੇ ਸਫ਼ੈਦ ਕੱਪੜੇ ਪਹਿਨੇ ਹੋਏ ਸਨ। ਦੋਵਾਂ ਦੇ ਪਹਿਰਾਵੇ ਦੇ ਨਾਲ-ਨਾਲ ਸਾਰਿਆਂ ਦੀਆਂ ਨਜ਼ਰਾਂ ਪ੍ਰਿਯੰਕਾ ਦੇ ਹੀਰਿਆਂ ਦੇ ਹਾਰ 'ਤੇ ਟਿਕੀਆਂ ਹੋਈਆਂ ਸਨ। ਮੀਡੀਆ ਰਿਪੋਰਟਾਂ ਮੁਤਾਬਕ ਇਸ ਹਾਰ ਦੀ ਕੀਮਤ 2 ਅਰਬ ਰੁਪਏ ਹੈ। ਇਹ ਹਾਰ 11.6 ਕੈਰੇਟ ਦੇ ਹੀਰੇ ਦਾ ਹੈ, ਜਿਸ ਨੂੰ ਬੁਲਗਾਰੀ ਨੇ ਡਿਜ਼ਾਈਨ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਇਵੈਂਟ ਤੋਂ ਬਾਅਦ ਪ੍ਰਿਯੰਕਾ ਦੇ ਇਸ ਹਾਰ ਦੀ ਨਿਲਾਮੀ ਕੀਤੀ ਜਾਵੇਗੀ।



# ਕਿਸੇ ਨਾਲ ਨੱਚਣਾ ਮੇਰੇ ਲਈ ਔਖਾ ਕੰਮ-ਰਿਤਿਕ ਰੌਸ਼ਨ

ਮੁੰਬਈ-ਅਦਾਕਾਰ ਰਿਤਿਕ ਰੌਸ਼ਨ ਦਾ ਕਹਿਣਾ ਹੈ ਕਿ ਕਿਸੇ ਨਾਲ ਨੱਚਣ ਦੇ ਮਾਮਲੇ ਵਿੱਚ ਉਹ ਬਹੁਤ ਹੀ ਕੱਚਾ ਹੈ। ਰਿਤਿਕ ਨੇ ਕਿਹਾ, 'ਇਕੱਲਿਆਂ ਨੱਚਣ ਵੇਲੇ ਮੈਂ ਬਹੁਤ ਹੀ ਅਰਾਮਦੇਹ ਸਥਿਤੀ ਵਿੱਚ ਹੁੰਦਾ ਹਾਂ, ਪਰ ਜਦੋਂ ਗੱਲ ਕਿਸੇ ਨਾਲ ਨੱਚਣ ਦੀ ਹੋਵੇ ਤਾਂ ਤੁਹਾਨੂੰ ਇੱਕ ਖ਼ਾਸ ਲੈਅ ਅਤੇ ਤਾਲ ਦਾ ਖ਼ਿਆਲ ਰੱਖਣਾ ਪੈਂਦਾ ਹੈ, ਜੋ ਆਪਣੇ ਆਪ ਵਿੱਚ ਬਹੁਤ ਹੀ ਖ਼ੂਬਸੂਰਤ ਚੀਜ਼ ਹੈ। ਮੈਂ ਕਦੇ ਵੀ ਇਹ ਲੈਅ ਤੇ ਤਾਲ ਨਹੀਂ ਬਣਾ ਸਕਿਆ। ਬੈਲੇ ਨਾਚ ਨੂੰ ਵੇਖ ਕੇ ਮੈਂ ਬਹੁਤ ਹੈਰਾਨ ਹੁੰਦਾ ਹਾਂ...ਇਸ ਨਾਚ ਦੀ ਬਾਰੀਕੀ, ਲੈਅਬੱਧਤਾ ਤੇ ਸੰਤੁਲਨ ਸਭ ਕੁਝ ਹੀ ਬਹੁਤ ਕਮਾਲ ਦੇ ਹਨ।



ਫਿਲਮ 'ਗੁਜ਼ਾਰਿਸ਼' ਵੇਲੇ ਮੈਨੂੰ ਇਹ ਨਾਚ ਸਿੱਖਣ ਦਾ ਮੌਕਾ ਮਿਲਿਆ ਸੀ, ਜੋ ਮੇਰੇ ਲਈ ਇੱਕ ਵੱਖਰਾ ਤੇ ਆਨੰਦਮਈ ਤਜਰਬਾ ਸੀ। ਇਹ ਇਸ ਤਰ੍ਹਾਂ ਸੀ, ਜਿਵੇਂ ਮੈਂ ਇੱਕ ਗੇਂਦ ਫੜ ਕੇ ਘੁੰਮ ਰਿਹਾ ਹੋਵਾਂ। ਪਰ ਸ਼ੂਟਿੰਗ ਦੌਰਾਨ ਇਹ ਨਾਚ ਕਰਦਿਆਂ ਮੇਰੇ ਲਈ ਤਿੰਨ ਗੇੜੇ ਲਾਉਣਾ ਹੀ ਔਖਾ ਹੋ ਗਿਆ ਸੀ। ਅਸੀਂ ਦੋ ਘੰਟੇ ਇਸ 'ਤੇ ਮੁਸ਼ੱਕਤ ਕੀਤੀ ਤੇ ਮਗਰੋਂ ਖਾਣਾ ਖਾ ਕੇ ਮੁੜ ਜੁਟ ਗਏ, ਪਰ ਕਿਸਮਤ ਨਾਲ ਉਦੋਂ ਮੇਰੀ ਪਹਿਲੀ ਹੀ ਕੋਸ਼ਿਸ਼ ਕਾਮਯਾਬ ਹੋ ਗਈ।' ਅਦਾਕਾਰ ਨੇ ਦੱਸਿਆ ਕਿ ਫਿਲਮ 'ਦਿ ਬੈਂਗ ਬੈਂਗ' ਦੇ ਟਾਈਟਲ ਗੀਤ ਤੇ 'ਵਾਰ' ਦੇ ਗੀਤ 'ਘੁੰਗਰੂ' ਆਦਿ 'ਤੇ ਕੀਤੇ ਨਾਚ ਦਾ ਉਸ ਨੇ ਬਹੁਤ ਆਨੰਦ ਮਾਣਿਆ ਹੈ।


# ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold Key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** | 5-8430 128TH ST. | MON-FRI | 8 AM - 8 PM |
| **(604) 502 - 0441** | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| **VANCOUVER** | 4038 KNIGHT ST. | MON-FRI | 9 AM - 8 PM |
| **(604) 325 - 1241** | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

**OPEN 7 DAYS**

ICBC autoplan www.goldkeyinsurance.ca


Rajan MANGOES
NOW AVAILABLE ONLY AT
fruiticana
SINCE 1994
fruiticana hee jaana!
LOWEST PRICES IN TOWN
EXTRA EXTRA SUPER SPECIAL
Available Only at Fruiticana
Rajan Haden Mangoes 4 kg
ਰਾਜਨ ਹੇਡਨ ਅੰਬ
$15.99 box
EXTRA SUPER SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$4.98 ea.
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
SUPER SPECIAL
Green Bell Peppers
ਹਰੀ ਸ਼ਿਮਲਾ ਮਿਰਚ
99¢ lb
SUPER SPECIAL
Red Onions 25 lbs
ਲਾਲ ਗੰਢੇ
$9.98 bag
Indiasay Brown Basmati Rice 8 lbs
ਇੰਡੀਆਸੇ ਬਰਾਊਨ ਰਾਈਸ
$9.99 bag
Almonds #1
ਬਦਾਮ
$3.98 lb
SUPER SPECIAL
Roma & Round Tomatoes
ਰੋਮਾ ਜਾਂ ਗੋਲ ਟਮਾਟਰ
98¢ lb
SUPER SPECIAL
Long Eggplants
ਲੰਬੇ ਬਤਾਊਂ
99¢ lb
SUPER SPECIAL
Yellow Onions 50 lbs
ਪੀਲੇ ਗੰਢੇ
$13.98 bag
Maggi Masala Noodles 70 g
ਮੈਗੀ ਮਸਾਲਾ ਨੂਡਲਜ਼
3 for $1.29
Tea India 216's
ਟੀ ਇੰਡਿਆ
$8.99 box
SUPER SPECIAL
Red Lentil Whole
ਮਸਰਾ ਦੀ ਸਾਬਤ ਦਾਲ
78¢ lb
Russet Potatoes Snoboy 10 lbs USA #1
ਆਲੂ ਰਸਟ ਸਨੋਬੁਆਏ ਯੂ.ਐਸ. #੧
$4.98 bag
Fresh Garlic
ਤਾਜ਼ਾ ਲਸਣ
98¢ lb
Sohna Saag 850 g
ਸੋਹਨਾ ਪਾਲਕ 850g
$2.99 can
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Cilantro
ਧਨੀਆ
2 bunches for $1.50
Long English Cucumbers
ਲੰਬੇ ਇੰਗਲਿਸ਼ ਖੀਰੇ
2 for $1.50
Daikon (Moli)
ਮੂਲੀ
99¢ lb
Rooh Afza Indian 750 ml
ਰੂਹ ਅਫਜ਼ਾ
$3.99 bottle
Green Cardamom (Elaichi) FG
ਹਰੀ ਇਲਾਇਚੀ ਐੱਫ ਜੀ
$13.99 lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
99¢ lb
Rapini (Sarson da Saag)
ਸਰਸੋਂ ਦਾ ਸਾਗ
$2.98 bunch
Nanak Gulabjamun 908 g
ਨਾਨਕ ਗੁਲਾਬ ਜਾਮੁਨ
$6.99 pkg.
Black Chana, Chana Dal & Red Lentil Whole Red Lentil Split 4 lbs (Indican)
ਕਾਲੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ, ਧੋਤੀ ਮਸਰਾਂ ਦੀ ਦਾਲ (ਇੰਡੀਕੈਂਨ)
$3.88 bag
Thur May 04, 2023 - Wed May 10, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS
9AM - 8PM
7 DAYS A WEEK
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520